ਕਾਵਿ ਸੰਗ੍ਰਹਿ

# ਠੰਡੀ ਛਾਂ



ਪਰਮਜੀਤ ਕੌਰ (ਮੋਮੀ)

# Thandi Chhan

(PUNJABI KAV SANGREH)

**Madam Paramjeet Kaur (Momi)**



ਮੰਜ਼ਿਲੋਂ ਦੂਰ ਮੁਸਾਫ਼ਿਰ ਕੋਲੋਂ
ਠੰਡੀ ਛਾਵੇਂ ਬਹਿ ਨੀ ਹੁੰਦਾ

ਪਰਮਜੀਤ ਕੌਰ (ਮੋਮੀ)


EDUCATIONAL PUBLISHING HOUSE
3108, Gali Vakil, Kucha Pandit, Lal Kuan, Delhi-6(india)
Ph: 23216162,23214465 Fax : 0091-011-23211540
Website: www.ephbooks.com
E-mail :info@ephbooks.com, ephdelhi@yahoo.com
81-8223-292-9

ਕਾਵਿ ਸੰਗ੍ਰਹਿ

# ਠੰਡੀ ਛਾਂ

ਪਰਮਜੀਤ ਕੌਰ (ਮੋਮੀ)

ਲੇਖਕ:
ਪਰਮਜੀਤ ਕੌਰ (ਮੋਮੀ)
ਚੇਅਰਪਰਸਨ ਲਚਕਾਨੀ ਵਿਰਦ ਆਸ਼ਰਮ
ਹੈਲਪੇਜ ਇੰਡੀਆ ਪਟਿਆਲਾ (ਪੰਜਾਬ)

ਕਿਤਾਬ ਨਾਮ : ਠੰਡੀ ਛਾਂ
ਕੀਮਤ : 500/-
ਸਾਲ : 2023
ਸੰਪਾਦਕ : ਦਰਸ਼ਨ ਬੁਟਰ
ਸਹਿਯੋਗ : ਜ਼ਮੀਰ ਅਲੀ ਜ਼ਮੀਰ

ਟਾਇਪ ਐਂਡ
ਡਿਜ਼ਾਇਨ : ਸ਼ੇਰਵਾਨੀ ਪਬਲੀਕੇਸ਼ਨਜ਼

Thandi Chhan (Punjabi Kav Sangreh)
by : Paramjeet Kaur (Momi)

ISBN ________________

Year of Edition: 2023
First Edition: 1000 Copies
Price: 500/-

ਨੋਟ:-© ਠੰਡੀ ਛਾਂ ਦੇ ਸਾਰੇ ਹਕੂਕ ਲੇਖਕ ਕੋਲ ਰਾਖਵੇਂ ਹਨ

Published by
EDUCATIONAL PUBLISHING HOUSE
H.O. D1/16, Ansari Road, Darya Ganj, New Delhi-110002 (INDIA)
B.O. 3191, Vakil Street, Kucha Pandit, Lal Kuan, Delhi-6 (INDIA)
Ph: 45678286, 23216162, 45678203, 41418204
E-mail: info@ephbooks.com, ephindia@gmail.com
website: www.ephbooks.com

# ਸੱਚੀ ਕਵਿਤਾ

ਸਮਕਾਲ ਵਿੱਚ ਮਨੁੱਖ ਜਿੱਥੇ ਵਸਤੂਵਾਦੀ ਵਰਤਾਰਿਆਂ ਵਿੱਚ ਘਿਰਿਆ ਹੋਇਆ ਹੈ ਉੱਥੇ ਇਸ ਵਿੱਚੋਂ ਨਿਕਲਣ ਲਈ ਵੀ ਤਤਪਰ ਹੈ। ਸ਼ਬਦ ਕਲਾ ਇਸ ਵਲਗਣ ਵਿੱਚੋਂ ਨਿਕਲਣ ਲਈ ਆਪਣਾ ਰੋਲ ਨਿਭਾਉਂਦੀ ਹੈ। ਅੱਜ ਦੇ ਸਮੇਂ ਵਿੱਚ ਕਵਿਤਾ ਲਿਖਣਾ ਮਾਰੂਥਲੀ ਥਾਂ 'ਤੇ ਕਣੀਆਂ ਵਾਂਗ ਡਿੱਗਣਾ ਹੈ ਕਿਉਂਕਿ ਇਹ ਮਨੁੱਖੀ ਬੇਚੈਨੀ, ਬਿਹਬਲਤਾ, ਬੇਭਰੋਸਗੀ ਤੋਂ ਬਚਣ ਲਈ ਜ਼ਮੀਨ ਤਿਆਰ ਕਰਦੀ ਹੈ। ਜੇਕਰ ਇਸ ਦੀ ਸਿਰਜਕ ਵਿੱਚ ਕਵਿੱਤਰੀ ਹੋਵੇ ਤਾਂ ਇਹ ਬਹੁਤ ਹੀ ਗੰਭੀਰ ਤੇ ਸ਼ਿੱਦਤ ਵਾਲੀ ਹੁੰਦੀ ਹੈ ਕਿਉਂਕਿ ਔਰਤ ਕੇਵਲ ਵਰਤਾਰਿਆਂ ਨੂੰ ਦੇਖਦੀ ਹੀਂ ਨਹੀਂ ਸਗੋਂ ਆਪਣੇ ਪਿੰਡੇ 'ਤੇ ਹੰਢਾਅ ਕੇ ਲਿਖਦੀ ਹੈ। ਅਜਿਹੀ ਹੀ ਕਵਿੱਤਰੀ ਹੈ ਪਰਮਜੀਤ ਕੌਰ ਮੋਮੀ, ਜਿਹੜੀ ਆਪਣੇ ਪਲੇਠੇ ਕਾਵਿ ਸੰਗ੍ਰਹਿ 'ਠੰਡੀ ਛਾਂ' ਰਾਹੀਂ ਪੰਜਾਬੀ ਸਾਹਿਤ ਵਿੱਚ ਪ੍ਰਵੇਸ਼ ਕਰ ਰਹੀ ਹੈ।

ਪਰਮਜੀਤ ਕੌਰ ਮੋਮੀ ਦੀਆਂ ਕਵਿਤਾਵਾਂ ਜਿੱਥੇ ਸਮਕਾਲ ਦੀਆਂ ਸਥਿਤੀਆਂ, ਪ੍ਰਸਥਿਤੀਆਂ, ਔਕੜਾਂ ਨਾਲ ਜੂਝਦੀਆਂ ਹਨ ਉੱਥੇ ਭਵਿੱਖ ਦੇ ਸੁਨਹਿਰੀ ਦਰਵਾਜ਼ੇ ਦੀ ਤਲਾਸ਼ ਕਰਦੀਆਂ ਹਨ ਜਿਸ ਵਿੱਚੋਂ ਲੰਘਣ ਉਪਰੰਤ ਮਨੁੱਖ ਮਨੁੱਖ ਦਾ ਮਾਣ ਲੈ ਸਕੇਗਾ। ਚੀਸ, ਟੀਸ, ਸੰਘਰਸ਼, ਹੌਸਲਾ, ਜਿੱਤ ਦੇ ਭਾਵਾਂ ਵਿੱਚ ਲਿਖੀ ਇਹ ਪੁਸਤਕ ਜਿੱਥੇ ਨਾਰੀਵਾਦੀ ਚਿੰਤਨ ਵਿੱਚ ਵਾਧਾ ਕਰੇਗੀ ਉੱਥੇ ਮਨੁੱਖ ਦੇ ਕਾਵਿਕ ਸੰਸਾਰ ਨੂੰ ਵੱਖਰੇ ਕਿਸਮ ਦੀ ਸੰਵੇਦਨਾ ਨਾਲ ਜੋੜੇਗੀ।

ਮੈਂ ਉਮੀਦ ਕਰਦਾ ਹਾਂ ਕਿ ਇਹ ਪੁਸਤਕ ਪਰਮਜੀਤ ਕੌਰ ਮੋਮੀ ਦੀ ਪਹਿਚਾਣ ਹੀ ਨਹੀਂ ਬਣੇਗੀ ਸਗੋਂ ਸਮਕਾਲ ਦੀ ਕਵਿਤਾ ਵਿੱਚ ਇੱਕ ਪ੍ਰਤਿਮਾਨ ਬਣੇਗੀ।

ਮੈਂ ਉਹਨਾਂ ਨੂੰ ਵਧਾਈ ਦਿੰਦਾ ਹੋਇਆ, ਸਾਹਿਤ ਦੇ ਖੇਤਰ ਵਿੱਚ ਜੀ ਆਇਆਂ ਆਖਦਾ ਹਾਂ।


ਸਤਨਾਮ ਸਿੰਘ

ਡਿਪਟੀ ਡਾਇਰੈਕਟਰ

ਭਾਸ਼ਾ ਵਿਭਾਗ, ਪੰਜਾਬ

# ਜ਼ਿੰਦਗੀ ਦੇ ਤਜਰਬੇ

ਪਰਮਜੀਤ ਕੌਰ ਮੋਮੀ ਦੀ ਸ਼ਾਇਰੀ ਕਲਾਸੀਕਲ ਲਬ-ਓ-ਲਹਿਜੇ ਦੀ ਨੁਮਾਇੰਦਗੀ ਕਰਦੀ ਹੈ। ਸਾਦਗੀ ਭਰਪੂਰ ਆਸਾਨ ਲਫ਼ਜ਼ਾਂ ਵਿੱਚ ਆਪਣੀ ਬਾਤ ਕਹਿਣ ਦਾ ਹੁਨਰ ਹੈ ਉਹਨਾਂ ਕੋਲ।

ਉਹਨਾਂ ਦੇ ਕਾਵਿ ਸੰਗ੍ਰਹਿ ''ਠੰਡੀ ਛਾਂ'' ਦੀ ਸ਼ਾਇਰੀ ਵਿੱਚ ਉਹਨਾਂ ਨੇ ਜ਼ਿੰਦਗੀ ਭਰ ਦੇ ਤਜਰਬਿਆਂ ਦਾ ਨਿਚੋੜ ਪੇਸ਼ ਕੀਤਾ ਹੈ। ਇਹ ਤਜਰਬੇ ਕੁੱਝ ਆਪ ਬੀਤੇ ਹਨ ਅਤੇ ਕੁੱਝ ਜਗ ਬੀਤੇ। ਪੁਸਤਕ ਦਾ ਉਨਵਾਨ ਠੰਡੀ ਛਾਂ ਅਪਣੇ ਆਪ ਵਿੱਚ ਮਮਤਾ ਦਾ ਇਸਤਿਆਰਾ ਹੈ ਅਤੇ ਸ਼ਾਇਰਾ ਦੀ ਸ਼ਖ਼ਸੀਅਤ ਅਪਣੇ ਆਪ ਵਿੱਚ ਇਸ ਇਸਤਿਆਰੇ ਦਾ ਜਿਊਂਦਾ ਜਾਗਦਾ ਰੂਪ ਹੈ। ਬਹੁਤ ਨੇਕ ਦਿਲ ਅਤੇ ਨਿਮਾਨਿਆਂ, ਨਿਤਾਨਿਆਂ ਦਾ ਆਸਰਾ ਬਣ ਕੇ ਉਹਨਾਂ ਦੇ ਦੁੱਖ ਦਰਦ ਨੂੰ ਅਪਣੀ ਬੁੱਕਲ ਵਿੱਚ ਸਮੇਟ ਲੈਣ ਵਾਲੀ ਖ਼ੂਬਸੂਰਤ ਸ਼ਖ਼ਸੀਅਤ ਦੀ ਧਾਰਨੀ ਸ਼ਾਇਰਾ ਨੇ ਆਪਣੇ ਦਾਖ਼ਲੀ ਭਾਵਾਂ ਨੂੰ ਖ਼ਾਰਜੀ ਤਜਰਬਿਆਂ ਵਿੱਚ ਰਲਾ ਕੇ ਸ਼ੇਅਰਾਂ ਦੇ ਕਾਲਮ ਵਿੱਚ ਢਾਲਿਆ ਹੈ। ਅਜਿਹੀ ਸ਼ਾਇਰੀ ਵਿੱਚ ਤਾਸੀਰ ਆਪ ਮੁਹਾਰੇ ਆ ਜਾਂਦੀ ਹੈ ਅਤੇ ਸ਼ੇਅਰਾਂ ਵਿੱਚ ਬਨਾਵਟੀ ਪਣ ਦਾ ਐਬ ਨਹੀਂ ਆਉਂਦਾ। ਮੈਂ ਇਸ ਨਿਖਰੀ, ਸੁਥਰੀ ਸ਼ਾਇਰੀ ਲਈ ਅਤੇ ਕਵਿ ਸੰਗ੍ਰਹਿ ਦੀ ਇਸ਼ਾਅਤ ਛਪਾਈ ਤੇ ਪਰਮਜੀਤ ਕੌਰ ਸਾਹਿਬਾ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਮੁਬਾਰਕਬਾਦ ਪੇਸ਼ ਕਰਦੀ ਹਾਂ ਅਤੇ ਉਮੀਦ ਕਰਦੀ ਹਾਂ ਕਿ ਉਹ ਇਸੇ ਤਰਾਂ ਅਦਬ ਦੀ ਖ਼ਿਦਮਤ ਕਰਦੇ ਰਹਿਣਗੇ। ਅੱਲ੍ਹਾ ਉਹਨਾਂ ਨੂੰ ਤੰਦਰੁਸਤੀ ਵਾਲੀ ਲੰਮੀ ਉਮਰ ਬਖ਼ਸ਼ੇ। ਆਮੀਨ।

ਡਾ. ਰੁਬੀਨਾ 'ਸ਼ਬਨਮ'
ਮੁਖੀ, ਨਵਾਬ ਸ਼ੇਰ ਮੁਹੰਮਦ ਖ਼ਾਂ ਸੰਸਥਾ,
(ਪੰਜਾਬੀ ਯੂਨੀਵਰਸਿਟੀ)
ਮਲੇਰਕੋਟਲਾ।

# ਮੁੱਖ ਬੰਦ

ਪਰਮਜੀਤ ਦਾ ਜਨਮ ਪਿੰਡ ਮੱਤੇਵਾਲ ਪਿਤਾ ਸ. ਮਾਨ ਸਿੰਘ, ਮਾਤਾ ਸੁਰਿੰਦਰ ਕੌਰ, ਦਾਦੀ ਨੰਤ ਕੌਰ ਤੇ ਘਰ 10 ਦਸੰਬਰ 1952 ਦਿਨ ਵੀਰਵਾਰ ਨੂੰ ਹੋਇਆ। ਮੱਤੇਵਾਲ ਵਿੱਚ ਉਸ ਦਾ ਜਨਮ ਹੋਇਆ ਤੇ ਮਲਸੀਆਂ ਵਿੱਚ ਪਰਵਰਿਸ਼ ਹੋਈ। ਪਰਵਰਿਸ਼ ਦੌਰਾਨ ਘਰ ਤੋਂ ਸਕੂਲ ਤੱਕ ਦਾ ਹੀ ਸਫ਼ਰ ਰਿਹਾ। ਉਸ ਦਾ ਜ਼ਿਆਦਾਤਰ ਸਮਾਂ ਘਰ ਦੇ ਕੰਮਾਂ ਦੇ ਨਾਲ ਨਾਲ ਖੇਤਾਂ ਦੇ ਕੰਮਾਂ ਵਿੱਚ ਹੀ ਗੁਜ਼ਰਦਾ ਸੀ। ਸਮੇਂ ਦੀ ਚਾਲ ਦੇ ਨਾਲ-ਨਾਲ ਬਹੁਤ ਕੁੱਝ ਸਿੱਖਣ ਨੂੰ ਮਿਲਿਆ। ਵੇਖਦੇ ਹੀ ਵੇਖਦੇ ਉਸ ਨੇ ਆਪਣੀ ਦਸਵੀਂ ਸ਼੍ਰੇਣੀ ਪਾਸ ਕਰ ਲਈ। ਇਸੇ ਦੌਰਾਨ ਪਰਮਜੀਤ ਨੂੰ ਅਹਿਸਾਸ ਵੀ ਨਹੀਂ ਸੀ ਕਿ ਉਹ ਦਸਵੀਂ ਪਾਸ ਕਰਨ ਤੋਂ ਪਹਿਲਾਂ ਅਪਣੀ ਜ਼ਿੰਦਗੀ ਦਾ ਸਫ਼ਰ ਵਿਆਹੁਤਾ (ਸ਼ਾਦੀਸ਼ੁਦਾ) ਦੇ ਰੂਪ ਵਿੱਚ ਡਾ. ਜੇ.ਵੀ. ਸਿੰਘ ਦੇ ਨਾਲ 23 ਜੂਨ 1969 ਨੂੰ ਅਪਣੀ ਅਸਲ ਜ਼ਿੰਦਗੀ ਦੇ ਸਕੂਲ ਵਿੱਚ ਦਾਖ਼ਲਾ ਲੈਣ ਜਾ ਰਹੀ ਸੀ।

ਸ਼ਾਦੀ ਤੋਂ ਪਹਿਲਾਂ ਪਰਮਜੀਤ ਦਾ ਸੁਪਨਾ ਸੀ ਕਿ ਉਹ ਵੱਧ ਤੋਂ ਵੱਧ ਵਿੱਦਿਆ ਹਾਸਲ ਕਰਕੇ ਆਪਣਾ ਅਤੇ ਆਪਣੀ ਮਾਂ ਦਾ ਨਾਮ ਉੱਚ-ਪੱਧਰੀ ਸਤਾਹ 'ਤੇ ਰੌਸ਼ਨ ਕਰ ਸਕੇ। ਪਰ ਕਿਸਮਤ ਨੂੰ ਕੁਝ ਹੋਰ ਹੀ ਮੰਜ਼ੂਰ ਸੀ। ਇਸ ਲਈ ਪਰਮਜੀਤ ਦਾ ਅੱਗੇ ਪੜ੍ਹਨ ਦਾ ਸੁਪਣਾ 'ਸੁਪਨਾ' ਹੀ ਰਹਿ ਗਿਆ। ਪਰ ਉਸ ਨੇ ਆਪਣੇ ਸੁਪਣੇ ਨੂੰ ਅੱਜ ਤੀਕਰ ਵੀ ਟੁੱਟਣ ਨਹੀਂ ਦਿੱਤਾ। ਡੋਲੀ ਵਿੱਚ ਬੈਠਣ ਸਮੇਂ ਉਸ ਨੇ ਆਪਣੇ ਦੋਸਤ ਕਾਗਜ਼ਕਮਲ ਨਾਲ ਇਹ ਵਾਅਦਾ ਕੀਤਾ ਸੀ ਕਿ ਉਸ ਦੇ ਅੰਦਰਲੇ ਜਜ਼ਬਾਤ (ਭਾਵਨਾਵਾਂ) ਸ਼ਬਦਾਂ ਦੀਆਂ ਸ਼ਕਲਾਂ ਵਿੱਚ ਇਸ ਤਰ੍ਹਾਂ ਜਨਮ ਲੈਂਦੇ ਰਹਿਣਗੇ।

ਵੇਖਦੇ ਹੀ ਵੇਖਦੇ ਪਰਮਜੀਤ ਦੇ ਵਿਹੜੇ ਦੋ ਬਾਲਾਂ ਦੀਆਂ ਕਿਲਕਾਰੀਆਂ ਗੁੰਜਣ ਲੱਗ ਗਈਆਂ। ਇਸ ਦੌਰਾਨ ਪਰਮਜੀਤ ਨੇ ਆਪਣੇ ਆਪ ਨੂੰ ਭੁਲਾ ਕੇ ਆਪਣੇ ਸੁਪਨੇ ਬੱਚਿਆਂ ਦੇ ਰੂਪ ਵਿੱਚ ਵੇਖਣੇ ਸ਼ੁਰੂ ਕਰ ਦਿੱਤੇ। ਇਸੀ ਦੌਰਾਨ ਪਤੀ ਦੀ ਨੌਕਰੀ ਕਲਕੱਤੇ ਲੱਗ ਗਈ ਅਤੇ ਉਹ ਰੋਜ਼ੀ ਰੋਟੀ ਲਈ ਕਲਕੱਤੇ ਚਲੇ ਗਏ। ਪਰਮਜੀਤ ਨੇ

ਆਪਣੇ ਫ਼ਰਜ਼ਾਂ ਦਾ ਹੱਕ ਅਦਾ ਕਰਦਿਆਂ ਹੋਇਆਂ ਆਪਣੇ ਉਹਨਾਂ ਪੁੱਤਰਾਂ ਸੰਦੀਪ ਤੇ ਰਣਦੀਪ ਦੀ ਪਰਵਰਿਸ਼ ਕੀਤੀ ਤੇ ਇਸ ਤਰ੍ਹਾਂ ਉਹ ਆਪਣਾ ਸਫ਼ਰ ਤਹਿ ਕਰਦਿਆਂ ਹੋਇਆਂ ਪਟਿਆਲਾ ਵਿੱਚ ਦਾਖ਼ਲ ਹੋਈ। ਇਸ ਦੌਰਾਨ ਆਪਣੀ ਜ਼ਿੰਦਗੀ ਵਿੱਚ ਬਹੁਤ ਸਾਰੇ ਉਤਾਰ ਚੜਾਅ ਵੇਖੇ। ਪਤੀ ਦੇ ਦੂਰ ਹੋਣ ਕਾਰਨ ਅਤੇ ਬੱਚਿਆਂ ਦੇ ਬਚਪਨ ਕਾਰਨ ਸੌਹੁਰੇ ਪਰਿਵਾਰ ਦੀਆਂ ਬਹੁਤ ਸਾਰੀਆਂ ਗੱਲਾਂ ਨੂੰ ਪਿੱਛੇ ਸੁੱਟ ਕੇ ਆਪਣੀ ਜ਼ਿੰਦਗੀ ਦਾ ਸੰਘਰਸ਼ ਜਾਰੀ ਰੱਖ ਕੇ ਲੋਕ ਸੇਵਾ ਨੂੰ ਆਪਣਾ ਫ਼ਰਜ਼ ਸਮਝ ਕੇ ਉਸ ਨੇ ਇੱਕ ਬੱਚੀ ਅਡੌਪਟ ਕਰ ਲਈ। ਜਿਸ ਦਾ ਪਾਲਣ ਪੋਸ਼ਣ ਆਪਣੀ ਬੇਟੀ ਵਾਂਗ ਕਰਕੇ ਉਸ ਨੂੰ ਆਪਣੀ ਕਾਮਯਾਬ ਜ਼ਿੰਦਗੀ ਦੀ ਰਾਹ ਉੱਤੇ ਪਾ ਦਿੱਤਾ। ਅੱਜ ਉਹ ਬੱਚੀ ਜਿਸ ਦਾ ਨਾਮ ਨਿੰਮੀ-ਰੂਬੀਨਾ ਹੈ, ਕੈਨੇਡਾ ਅਮਰੀਕਾ ਦਾ ਸਫ਼ਰ ਤੈਅ ਕਰ ਰਹੀ ਹੈ। ਜ਼ਿੰਦਗੀ ਦੇ ਉਤਾਰ ਚੜਾਅ ਦੇ ਬਾਵਜੂਦ ਪਰਮਜੀਤ ਨੇ ਆਪਣੇ ਇਰਾਦੇ ਅਤੇ ਹੌਸਲਿਆਂ ਨੂੰ ਢਾਹ ਨਹੀਂ ਲੱਗਣ ਦਿੱਤੀ। ਚਾਹੇ ਉਸ ਨੂੰ ਆਪਣੇ ਪੋਤੇ ਤੇ ਪੋਤੀ ਦੇ ਰੂਪ ਵਿੱਚ ਨਵੇਂ ਸਿਰੇ ਤੋਂ ਜ਼ਿੰਦਗੀ ਦੇ ਸੰਘਰਸ਼ਸ਼ੀਲ ਸਕੂਲ ਵਿੱਚ ਮੁੜ ਤੋਂ ਦਾਖ਼ਲਾ ਲੈਣਾ ਪਿਆ। ਜਿੰਨਾ ਕੁ ਮੈਂ ਪਰਮਜੀਤ ਨੂੰ ਵੇਖਿਆ ਤੇ ਜਾਣਿਆ, ਉਸ ਨੇ ਪੁਰਨੂਰ ਚੇਹਰੇ 'ਤੇ ਕਦੀ ਵੀ ਮਲਾਲ ਦੀ ਝਲਕ ਨਹੀਂ ਪਾਈ ਗਈ। ਇਸ ਨੂੰ ਚਾਹੇ ਉਸ ਦੇ ਮਾਪਿਆਂ ਦੀ ਪਰਵਰਿਸ਼ ਦਾ ਜਾਂ ਫਿਰ ਉਸ ਦੇ ਮਨ ਦੇ ਅੰਦਰ ਗੁਰੂ ਨਾਨਕ ਜੀ ਦੀ ਮੂਲ ਮੰਤਰ ਹੀ ਗ਼ਰੀਬ, ਬੇਸਹਾਰਾ, ਦੁਖੀ ਅਤੇ ਬਿਮਾਰਾਂ ਦੀ ਮਦਦ ਕਰਨਾ ਰਿਹਾ ਹੈ। ਪਰਮਜੀਤ ਵੀ ਗੁਰੂ ਨਾਨਕ ਦੇਵ ਜੀ ਦੇ ਦੱਸੇ ਰਾਹ 'ਤੇ ਚੱਲ ਕੇ ਗ਼ਰੀਬ ਅਤੇ ਬੇਸਹਾਰਾ ਲੋਕਾਂ ਨੂੰ ਅੱਜ ਵੀ ਆਪਣਾ-ਪਣ ਦੇ ਕੇ ਅੰਦਰੋਂ ਖ਼ੁਸ਼ੀ ਮਹਿਸੂਸ ਕਰਦੀ ਹੈ। ਵਿਰਧ ਆਸ਼ਰਮ ਦੀ ਸੇਵਾ ਦੇ ਨਾਲ ਨਾਲ ਕਾਗ਼ਜ਼ ਅਤੇ ਕਲਮ ਨਾਲ ਕੀਤੇ ਹੋਏ ਵਾਅਦੇ ਨੂੰ ਨਿਭਾਉਂਦਿਆਂ ਆਪਣੇ ਦਿਲ ਦਾ ਦਰਦ 5 ਕਿਤਾਬਾਂ ਦੇ ਰੂਪ ਵਿੱਚ ਪੰਜਾਬੀ ਅਤੇ ਹਿੰਦੀ ਸਾਹਿਤ ਦੀ ਝੋਲੀ ਵਿੱਚ ਪਾਇਆ। ਇਸ ਦੇ ਨਾਲ-ਨਾਲ ਅੱਜ ਤੁਸੀਂ 'ਠੰਡੀ ਛਾਂ' ਦੇ ਰੂਪ ਵਿੱਚ ਪਰਮਜੀਤ ਦੀ ਜ਼ਿੰਦਗੀ ਨੂੰ ਪੜ੍ਹ ਰਹੇ ਹੋ। ਜਿਵੇਂ ਕਿ ਕਿਤਾਬ ਪੜ੍ਹਨ ਤੋਂ ਪਹਿਲਾਂ ਕਿਤਾਬ ਦੇ ਲੇਖਕ ਨੂੰ ਜਾਣਨਾ ਜ਼ਰੂਰੀ ਹੈ। ਇਸ ਤਰ੍ਹਾਂ ਹੀ 'ਠੰਡੀ ਛਾਂ'

ਦਾ ਆਨੰਦ ਮਾਨਣ ਤੋਂ ਪਹਿਲਾਂ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਦਰਖਤ ਕਿਸ ਨੇ ਅਤੇ ਕਿਵੇਂ ਲਗਾਇਆ।

ਪਰਮਜੀਤ ਦੇ ਸੁਪਨਿਆਂ ਵਿੱਚ ਇੱਕ ਲੇਖਿਕਾ ਹੋਣ ਦੇ ਨਾਲ-ਨਾਲ ਇੱਕ ਸੁਪਨਾ ਇਹ ਵੀ ਸੀ ਕਿ ਉਹ ਗ਼ਰੀਬ ਅਤੇ ਬੇਸਹਾਰਾ ਤੇ ਲਾਚਾਰੀ ਦਾ ਕਫ਼ਨ ਓੜੇ ਇਨਸਾਨਾਂ ਦੀ ਮਦਦ ਕਰ ਸਕੇ। ਐਸੇ ਹੀ ਮਜ਼ਬੂਤ ਲੋਕਾਂ ਦੇ ਦਰਦ ਨੂੰ ਵੇਖ ਕੇ ਉਸ ਦੀ ਸੋਚ ਇਹਨਾਂ ਲੋਕਾਂ ਲਈ ਕੁੱਝ ਕਰਨ ਲਈ ਬੇਚੈਨ ਹੋ ਉੱਠੀ। ਇਸ ਦੌਰਾਨ ਉਸ ਦਾ ਧਿਆਨ ਆਪਣੀ ਉਸ ਜ਼ਮੀਨ ਵੱਲ ਗਿਆ ਜੋ ਪਿੰਡ ਰੋਂਗਲਾ ਜ਼ਿਲ੍ਹਾ ਪਟਿਆਲਾ ਵਿਖੇ ਸਥਿੱਤ ਹੈ। ਉਸ ਜ਼ਮੀਨ 'ਤੇ ਆਪਣੇ ਪਰਿਵਾਰ ਦੀ ਸਹਿਮਤੀ ਨਾਲ ਇੱਕ ਬਿਰਧ ਆਸ਼ਰਮ ਜਿਸ ਵਿੱਚ ਮੈਡੀਕਲ ਸੁਵਿਧਾ ਦੇ ਨਾਲ-ਨਾਲ ਖਾਣ, ਪਹਿਨਣ ਅਤੇ ਹਰ ਇੱਕ ਤਿਉਹਾਰ ਦੀਆਂ ਖ਼ੁਸ਼ੀਆਂ ਮਨਾਉਣ ਦਾ ਪ੍ਰਬੰਧ ਹੋਵੇ, ਦਾ ਨਿਰਮਾਣ ਕਰਨਾ ਚਾਹਿਆ। ਉਸ ਨੇ ਆਪਣੇ ਵੱਡੇ ਬੇਟੇ ਨਾਲ ਸਲਾਹ ਕਰਕੇ ਇੱਕ ਸੰਸਥਾ ਲੱਭੀ ਜਿਹੜੀ ਕਿ ਅੰਤਰਰਾਸ਼ਟਰੀ ਪੱਧਰ ਤੇ ਬੇਸਹਾਰਾ ਬਜ਼ੁਰਗਾਂ ਦੀ ਸੇਵਾ ਦਾ ਜਜ਼ਬਾ ਰੱਖਦੀ ਹੋਵੇ।

ਉਹ ਸੰਸਥਾ ਨਾਲ ਸੰਪਰਕ ਕਰਨ 'ਤੇ ਆਪਣੇ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਕੇ ਉਹਨਾਂ ਆਪਣੀ ਧਰਤੀ ਜੋ ਪਿੰਡ ਰੋਂਗਲਾ ਵਿੱਚ ਸਥਿਤ ਹੈ, ਹੈਲਪ-ਏਜ-ਇੰਡੀਆ ਸੰਸਥਾ ਨੂੰ ਦੇਣ ਦਾ ਫ਼ੈਸਲਾ ਕਰ ਲਿਆ। ਜ਼ਿਕਰਯੋਗ ਹੈ ਕਿ ਜਦੋਂ ਅਸੀਂ ਗਿਆਰਾਂ ਬਜ਼ੁਰਗਾਂ ਦੀ ਹਰ ਇੱਕ ਜ਼ਰੂਰਤ ਦਾ ਸਮਾਨ ਆਪਣੀ ਜ਼ਮੀਨ ਦੇ ਨਾਲ-ਨਾਲ ਆਪਣੀ ਨੇਕ ਕਮਾਈ ਵਿੱਚੋਂ ਉਹ ਹਰ ਚੀਜ਼ ਦੀ ਪੂਰਤੀ ਕੀਤੀ ਜੋ ਇੱਕ ਇਨਸਾਨ ਨੂੰ ਰੋਜ਼ ਦੀ ਜ਼ਰੂਰਤ ਹੁੰਦੀ ਹੈ। ਇਸ ਤੋਂ ਇਲਾਵਾ ਜਦੋਂ ਵੀ ਕੋਈ ਉਸ ਦੇ ਸਾਹਮਣੇ ਆਪਣੀ ਜ਼ਰੂਰਤ ਜਾਂ ਗਰਜ਼ ਲੈ ਕੇ ਭੈਣ-ਭਾਈ ਆਇਆ ਤਾਂ ਉਸ ਨੇ ਉਹਨਾਂ ਨੂੰ ਆਪਣਾ ਸਮਝ ਕੇ ਉਹਨਾਂ ਦੀ ਹਰ ਪੱਖੋਂ ਮਦਦ ਕਰਨ ਦੀ ਕੋਸ਼ਿਸ਼ ਕੀਤੀ।

ਪਰਮਜੀਤ ਨੇ ਲੋਕ ਸੇਵਾ ਵਿੱਚ ਕਦੇ ਮੱਥੇ ਵੱਟ ਨਹੀਂ ਪਾਇਆ। ਜ਼ਿਕਰਯੋਗ ਹੈ ਕਿ ਉਹਨਾਂ ਦੀ ਹੌਸਲਾਮੰਦੀ ਅਤੇ ਸਮਾਜਿਕ ਸੂਝ-ਬੂਝ ਤੋਂ ਉਹਨਾਂ ਦੇ ਤਿੰਨੋਂ ਪੋਤਾ-ਪੋਤੀ ਬਹੁਤ ਪ੍ਰਵਾਵਿਤ

ਹਨ। ਆਪਣੀ ਦਾਦੀ ਦੀ ਮੁਹੱਬਤ ਅਤੇ ਵਿਦਵਤਾ ਦੇ ਕਾਇਲ ਹਨ। ਉਹਨਾਂ ਨੇ ਆਪਣੀ ਦਾਦੀ ਨੂੰ ਹਮੇਸ਼ਾਂ ਇੱਕ ਮਜ਼ਬੂਤ ਔਰਤ ਦੇ ਰੂਪ ਵਿੱਚ ਵੇਖਿਆ ਹੈ। ਇਹਨਾਂ ਦੇ ਨਾਲ-ਨਾਲ ਮੈਡਮ ਪਰਮਜੀਤ ਮੋਮੀ ਨੂੰ ਸਮਾਜਿਕ ਸੰਸਥਾਵਾਂ ਜਿਵੇਂ ਕਿ ਹੈਲਪ-ਏਜ-ਇੰਡੀਆ ਦਿਲੀ, ਕਾਫ਼ਿਲਾ-ਏ-ਮੀਰ ਆਲ ਇੰਡੀਆਂ (ਰਜਿ.), ਅੰਜੁਮਨ ਉਰਦੂ ਪੰਜਾਬੀ ਸਹਿਤ ਮੰਚ ਮਾਲੇਰਕੋਟਲਾ ਅਤੇ ਜੱਗਬਾਣੀ ਗਰੁੱਪ ਦੇ ਚੀਫ਼ ਐਡੀਟਰ 'ਪਦਮ ਸ਼੍ਰੀ' ਵਿਜੇ ਚੋਪੜਾ ਵੱਲੋਂ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮੈਡਮ ਪਰਮਜੀਤ ਕੌਰ ਮੋਮੀ ਦੀਆ ਲਿਖਤਾਂ ਪੜ੍ਹ ਕੇ ਹਰ ਇੱਕ ਨੂੰ ਇਹ ਹੀ ਅਹਿਸਾਸ ਹੁੰਦਾ ਹੈ ਕਿ ਇਹ ਉਸ ਦੀ ਜ਼ਿੰਦਗੀ ਦੀ ਤਸਵੀਰ ਹੈ। ਉਹਨਾਂ ਨੇ ਕਾਗਜ਼ ਅਤੇ ਕਲਮ ਨਾਲ ਕੀਤੇ ਵਾਅਦੇ ਨੂੰ ਨਿਭਾਉਣ ਦੀ ਕੋਈ ਕਸਰ ਨਹੀਂ ਛੱਡੀ। ਕਿਉਂ ਕਿ ਉਹਨਾਂ ਦਾ ਮੰਨਣਾ ਹੈ ਕਿ ਜੇ ਇਨਸਾਨ ਲਿਖਣਾ ਜਾਂ ਪੜ੍ਹਨਾ ਛੱਡ ਦੇਵੇ ਤਾਂ ਉਸ ਦਾ ਸਰੀਰ ਤਾਂ ਜ਼ਿੰਦਾ ਰਹਿ ਸਕਦਾ ਹੈ ਪਰ ਕਿਤੇ ਨਾ ਕਿਤੇ ਉਸ ਦੀ ਰੂਹ ਦੀ ਮੌਤ ਹੋ ਜਾਂਦੀ ਹੈ।

ਨਿੰਮੀ (ਰੂਬੀ) ਕੈਨੇਡਾ

# ਠੰਡੀ ਛਾਂ ਆਪਣੇ ਪਰਿਵਾਰ ਦੇ ਨਾਂ

ਮੈਂ ਪਰਮਜੀਤ ਕੌਰ ਮੋਮੀ ਆਪਣੇ ਪਰਿਵਾਰ ਦੇ ਨਾਲ-ਨਾਲ ਆਪਣੇ ਪੋਤਿਆਂ ਅਤੇ ਪੋਤੀ ਦੀ ਅਹਿਸਾਨਮੰਦ ਹਾਂ ਕਿ ਜਿਹਨਾਂ ਨੇ ਮੈਨੂੰ ਸਦਾ ਹੀ ਆਪਣੇ ਪਿਆਰ ਦੀ ਠੰਡੀ ਛਾਂ ਹੇਠ ਰੱਖਿਆ।

ਮੈਂ ਲੱਖ-ਲੱਖ ਸ਼ੁਕਰਾਨਾ ਅਦਾ ਕਰਦੀ ਹਾਂ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਿਨ੍ਹਾਂ ਦੀ ਮੇਹਰ ਸਦਕਾ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਬੇਸਹਾਰਾ ਵਿਰਧ-ਮਰਦ ਅਤੇ ਔਰਤਾਂ ਦੀ ਸਹਾਈ ਬਣ ਕੇ ਉਹਨਾਂ ਦੇ ਰਹਿਣ-ਸਹਿਣ ਅਤੇ ਖਾਣ ਪਹਿਨਣ ਦੇ ਨਾਲ-ਨਾਲ ਜ਼ਖ਼ਮਾਂ 'ਤੇ ਮਲ੍ਹਮ ਲਾਉਣ ਦਾ ਬੱਲ ਬਖ਼ਸ਼ਿਆ।

ਮੈਂ ਸ਼ੁਕਰਾਨਾ ਅਦਾ ਕਰਦੀ ਹਾਂ ਕਿ ਗੁਰੂ ਸਾਹਿਬ ਜੀ ਨੇ ਮੇਰੇ ਦੁੱਖਾਂ-ਦਰਦਾਂ ਨੂੰ ਠੰਡੀ ਛਾਂ ਦਾ ਵਰਦਾਨ ਦਿੱਤਾ।

ਮੈਂ ਅਤਿ ਧੰਨਵਾਦੀ ਹਾਂ ਉਸਤਾਦ ਸ਼ਾਇਰ ਅਨਵਾਰ ਆਜ਼ਰ, ਡਾ. ਰਫ਼ੀ, ਮੁਹੰਮਦ ਯਾਸੀਨ ਜ਼ੁਬੈਰੀ, ਰੁਬੀਨਾ ਮੀਰ ਖ਼ਾਨ ਪਟਿਆਲਾ ਅਤੇ ਜ਼ਮੀਰ ਅਲੀ ਜ਼ਮੀਰ ਦਾ ਜਿਹਨਾਂ ਦੀ ਮਿਹਨਤ ਨਾਲ ਮੇਰੇ ਬਿਖਰੇ ਹੋਏ ਸ਼ਬਦਾਂ ਨੂੰ ਇੱਕ ਖ਼ੂਬਸੂਰਤ ਸ਼ਕਲ ਦੇ ਕੇ ਮਾਂ ਬੋਲੀ ਪੰਜਾਬੀ ਸਾਹਿਤ ਦੇ ਵਿਹੜੇ ਠੰਡੀ ਛਾਂ ਕਰਨ ਵਿੱਚ ਮੇਰੀ ਮਦਦ ਕੀਤੀ।

ਮੈਂ ਆਸ ਕਰਦੀ ਹਾਂ ਕਿ ਮੇਰੀ ਇਹ ਨਿਮਾਣੀ ਜਿਹੀ ਕੋਸ਼ਿਸ਼ ਪੰਜਾਬੀ ਸਾਹਿਤ ਦੇ ਵਿਹੜੇ ਸ਼ਬਦਾਂ ਦੀਆਂ ਹਰੀਆਂ ਭਰੀਆਂ ਸਤਰਾਂ ਦੇ ਨਾਲ ਕੀਤੀ ਠੰਡੀ ਛਾਂ ਦਿੰਦੀ ਰਹੇਗੀ ਤਾਂ ਕਿ ਆਉਣ ਵਾਲੀਆਂ ਨਸਲਾਂ ਆਪਣੇ ਵਿਰਸੇ ਅਤੇ ਵਿਰਾਸਤ ਨਾਲ ਜੁੜ ਕੇ ਠੰਡੀ ਛਾਂ ਦਾ ਆਨੰਦ ਮਾਣ ਸਕਣ।

(ਪਰਮਜੀਤ ਕੌਰ ਮੋਮੀ)

# ਠੰਡੀ ਛਾਂ

ਰੋਗ ਹਿਜਰ ਦਾ ਸਹਿ ਨੀ ਹੁੰਦਾ
ਤੇਰੇ ਬਿਨ ਹੁਣ ਰਹਿ ਨੀ ਹੁੰਦਾ

ਮੰਜ਼ਲੋਂ ਦੂਰ ਮੁਸਾਫ਼ਿਰ......ਕੋਲੋਂ
ਠੰਡੀ ਛਾਂ ਵਿੱਚ ਬਹਿ ਨੀ ਹੁੰਦਾ

ਖ਼ਾਬਾਂ ਵਾਲਾ ਸ਼ੀਸ਼ ਮਹਿਲ ਏ
ਆਪਣੇ ਹੱਥੀਂ ਢਹਿ ਨੀ ਹੁੰਦਾ

ਪਹਿਲਾਂ ਕੱਲਿਆਂ ਹੋਣ ਦਾ ਡਰ ਸੀ
ਅੱਜ ਕੱਲ ਇਕੱਠਿਆਂ ਰਹਿ ਨੀ ਹੁੰਦਾ

ਸਾਰੀ ਉਮਰ-ਏ ਮਾਪਿਆਂ......... ਕੋਲੋਂ
ਫ਼ਰਜ਼ਾਂ ਦਾ ਪੰਧ ਤਹਿ ਨੀ ਹੁੰਦਾ

ਪਰਮਜੀਤ ਇਹ ''ਦਿਲ ਦਾ ਦੁਖੜਾ''
ਹਰ ਇੱਕ ਨੂੰ ਤਾਂ ਕਹਿ ਨੀ ਹੁੰਦਾ

❁❁❁

# ਗੀਤ

ਤੂੰ ਤੇ ਤੁਰ ਗਿਉਂ ਬੇਫ਼ਿਕਰਿਆ ਸੋਹਣਿਆ
ਅਸੀਂ ਜਾਗਦੇ ਰਹੇ ਸੋਚਾਂ ਸੋਚ-ਸੋਚ
ਸਾਨੂੰ ਨੀਂਦਰਾਂ ਕਿਉਂ ਨਹੀਂ ਆਉਂਦੀਆਂ
ਰਾਤਾਂ ਸਾਨੂੰ ਤੇ ਖਾਂਦੀਆਂ ਨੋਚ-ਨੋਚ

ਕੀ ਇਹ ਪਿਆਰ ਦਾ ਹੈ ਸਿਲਸਲਾ ਕੋਈ
ਜਾਂ ਇਹ ਰੋਗ ਹੈ ਕੋਈ ਅਵੱਲੜਾ
ਯਾਦਾਂ ਸਾਨੂੰ ਨੇ ਤੇਰੀਆਂ ਸਤਾਉਂਦੀਆਂ
ਅਸੀਂ ਲੈਂਦੇ ਹਾਂ ਦੁਪੱਟਾ ਜਦੋਂ ਸੰਧਲਾ
ਤੂੰ ਤੇ ਤੁਰ ਗਿਉਂ ਬੇਫ਼ਿਕਰਿਆ ਸੋਹਣਿਆ

ਹਿਜਰ ਤੇਰੇ ਦੇ ਵਿੱਚ ਪਈ ਰੋਨੀਆਂ......
ਪਾਕੇ ਗਲ ਆਪਣੇ 'ਚ ਹੰਝੂਆਂ ਦਾ ਹਾਰ
ਤੇਰੀ ਬਿਰਹਾ ਦੀ ਅੱਗ 'ਚ ਮੈਂ ਤੱਪਦੀ ਹਾਂ
ਬਾਲਣ ਆਪਣੇ ਹੱਡਾਂ ਦਾ ਮੈਂ ਬਾਲ-ਬਾਲ
ਤੂੰ ਤੇ ਤੁਰ ਗਿਉਂ ਬੇਫ਼ਿਕਰਿਆ ਸੋਹਣਿਆ......

ਪਾਕੇ ਪਿਆਰ ਤੇਰੇ ਨਾਲ ਸੋਹਣਿਆਂ
ਧੋਖਾ ਕੀਤਾ ਅਸਾਂ ਦਿਲ ਆਪਣੇ ਦੇ ਨਾਲ
ਤੂੰ ਤੇ ਉੱਡ ਗਿਉਂ ਬਣ ਪਰਵਾਸੀ ਵੇ
ਇਸ਼ਕ ਸਾਡੇ ਨੂੰ ਡਬੋਕੇ ਗ਼ਮਾਂ ਦੇ ਨਾਲ
ਤੂੰ ਤੇ ਤੁਰ ਗਿਉਂ ਬਣ ਪਰਵਾਸੀ ਵੇ
ਇਸ਼ਕ ਸਾਡੇ ਨੂੰ ਡਬੋਕੇ ਗ਼ਮਾਂ ਦੇ ਨਾਲ,
ਤੂੰ ਤੇ ਤੁਰ ਗਿਉਂ ਬੇਫ਼ਿਕਰਿਆ ਸੋਹਣਿਆ

❋❋❋

# ਜ਼ਿੰਦਗੀ ਦਾ ਇਮਤਿਹਾਨ

ਜ਼ਿੰਦਗੀ ਆ ਕੇ ਕਿਸ ਮੁਕਾਮ ਤੇ ਇਮਤਿਹਾਨ ਹੈ ਲੈ ਰਹੀ
ਦੁੱਖਾਂ ਦੀ ਕੋਠੜੀ ਭਰੀ ਗ਼ਮਾਂ ਨਾਲ ਆਪੋ ਵਿੱਚ ਪੈ ਖਹਿ ਰਹੀ

ਸਹਿ-ਸਹਿਕੇ ਅਫ਼ਸਾਨੇ ਗ਼ੰਮ ਦੇ ਦਿਲ ਕਰਾਹ ਉੱਠਿਆ ਆਪਣਾ
ਨਾ ਕੋਈ ਦੋਸਤ, ਨਾ ਕੋਈ ਬੇਲੀ, ਨਾ ਕੋਈ ਗ਼ਮ-ਖ਼ਵਾਰ ਆਪਣਾ

ਲਿੱਖ ਦਿੱਤਾ ਮੁਕੱਦਰ ਉਸਨੇ, ਬੈਠ ਕਿਨਾਰੇ ਮਰਘਟ ...... ਦੇ
ਕਬਰਾਂ ਵਿੱਚੋਂ ਲੈ ਸਿਆਹੀ, ਅੱਖਰ ਕਾਲੇ ਲਿੱਖ ......... ਦਿੱਤੇ

ਡੋਲ ਰਿਹਾ ਆਸਾਂ ਦਾ ਦੀਵਾ, ਮੱਸਿਆ ਦੀਆਂ ਕਾਲੀਆਂ ਰਾਤਾਂ ਵਿੱਚ
ਹੰਝੂ ਬਣ ਗੱਲ੍ਹਾਂ ਤੇ ਜੰਮ ਗਏ, ਸ਼ਬਨਮ ਦੀ ਤਰ੍ਹਾਂ ਪਰਭਾਤਾਂ ਵਿੱਚ

ਬੇਦਰਦੀ ਪੱਤਝੜ ਦਾ ਮੌਸਮ, ਮਿਲਿਆ ਸਾਨੂੰ ਸੌਗਾਤਾਂ ਵਿੱਚ
ਭਿੱਜ ਗਏ ਅਸੀਂ ਨਾਲ ਗ਼ਮਾਂ ਦੇ, ਸਾਉਂਣ ਦੀਆਂ ਬਰਸਾਤਾਂ ਵਿੱਚ

ਹਿਜਰ ਦੇ ਹੌਕੇ ਹੰਝੂ ਮੇਰੇ, ਰਹਿੰਦੇ ਨੇ ਫ਼ਰਿਆਦਾਂ ਵਿੱਚ
ਮੈਨੂੰ ਤਾਂ ਇਹ ਦਰਦ ਵਿਛੋੜਾ, ਖਾਵੇ ਤੇਰੀਆਂ ਯਾਦਾਂ ਵਿੱਚ

❁❁❁

# ਦੁਸ਼ਮਣੀ

ਦੁਸ਼ਮਣੀ ਇੰਜ ਅਸੀਂ ਤੇਰੇ ਨਾਲ ਨਿਭਾਵਾਂਗੇ
ਜਿਉਂਦੇ ਜੀ ਸੱਜਨਾ ਤੈਨੂੰ ਯਾਦ ਕਦੀ ਨਹੀਂ ਆਵਾਂਗੇ

ਆਤਮਾਂ ਸਾਡੀ ਨੂੰ ਬੇਦਰਦੀਆ ਤੂੰ ਤੜਪਾਇਆ
ਜ਼ਹਿਰ ਵੀ ਘੋਲ-ਘੋਲ ਕੇ ਜਿਸਮ ਸਾਡੇ ਨੂੰ ਪਿਲਾਇਆ
ਪੀੜ ਅਸੀਂ ਵੀ ਤੇਰੀ ਨਸ-ਨਸ ਵਿੱਚ ਭਰ ਜਾਵਾਂਗੇ
ਦੁਸ਼ਮਣੀ ਇੰਜ ਅਸੀਂ ਤੇਰੇ ਨਾਲ ਨਿਭਾਵਾਂਗੇ

ਮੰਨ ਕੇ ਰੱਬ ਤੈਨੂੰ ਅਸੀਂ ਤੇਰੀ ਪੂਜਾ ਕੀਤੀ
ਤੇਰੀਆਂ ਰੰਗਰਲੀਆਂ ਨੇ, ਮੈਅ ਗ਼ੈਰਾਂ ਦੇ ਹੱਥੋਂ ਪੀਤੀ
ਅਸੀਂ ਵੀ ਤੈਨੂੰ ਸ਼ਾਦ ਨਹੀਂ ਕਰ ਜਾਵਾਂਗੇ
ਜਿਉਂਦੇ ਜੀ ਸੱਜਨਾ, ਤੈਨੂੰ ਯਾਦ ਕਦੀ ਨਹੀਂ ਆਵਾਂਗੇ
ਦੁਸ਼ਮਣੀ ਇੰਜ ਅਸੀਂ ਤੇਰੇ ਨਾਲ ਨਿਭਾਵਾਂਗੇ

ਬੇਕਦਰਾ ਤੂੰ ਸਾਡੀ ਪਾਕ ਮੁਹੱਬਤ ਨੂੰ ਤਰਸੇਂ
ਦਿੱਤਾ ਸੀ ਪਿਆਰ ਜੋ ਤੈਨੂੰ ਤੂੰ ਉਸ ਪਿਆਰ ਨੂੰ ਤਰਸੇਂ
ਦਿਲ ਤੋਂ ਭੁਲਾ ਕੇ ਤੈਨੂੰ ਅਸੀਂ ਦੂਰ ਚਲੇ ਜਾਵਾਂਗੇ
ਦੁਸ਼ਮਣੀ ਇੰਜ ਅਸੀਂ ਤੇਰੇ ਨਾਲ ਨਿਭਾਵਾਂਗੇ
ਜਿਉਂਦੇ ਜੀ 'ਸੱਜਨਾ' ਤੈਨੂੰ ਯਾਦ ਕਦੀ ਨਹੀਂ ਆਵਾਂਗੇ

ਬੇਦਰਦੀ ਤੂੰ ਪਿਆਰ ਦੀ ਮੇਰੇ ਭੋਰਾ ਕਦਰ ਨਾ ਪਾਈ
ਕਾ.ਗਜ਼ ਉੱਤੇ ਲਿੱਖ ਦਿੱਤੀ ਮੈਂ ਜਿਵੇਂ ਉਮਰ ਲੰਘਾਈ
ਚੇਤੇ ਕਰਕੇ ਰੋਵੇਂਗਾ ਜਦ ਯਾਦ ਅਸੀਂ ਤੈਨੂੰ ਆਵਾਂਗੇ
ਦੁਸ਼ਮਣੀ ਇੰਜ ਅਸੀਂ ਤੇਰੇ ਨਾਲ ਨਿਭਾਵਾਂਗੇ
ਜਿਉਂਦੇ ਜੀ ਸੱਜਣਾ ਤੈਨੂੰ ਯਾਦ ਕਦੀ ਨਹੀਂ ਆਵਾਂਗੇ

ਤੇਰੇ ਦਿੱਤੇ ਜ਼ਖ਼ਮਾਂ ਨੇ ਜਦ-ਜਦ ਤੈਨੂੰ ਤੜਪਾਉਂਣਾ
ਆਪਣੇ ਕੀਤੇ ਕਰਮਾਂ ਉੱਤੇ ਫੇਰ ਹੈ ਤੂੰ ਪਛਤਾਉਂਣਾ
ਅਸੀਂ ਤਾਂ ਤੇਰੇ ਦਿੱਤੇ ਸਦਮੇਂ ਅਪਣੇ ਨਾਲ ਲੈ ਜਾਵਾਂਗੇ
ਦੁਸ਼ਮਣੀ ਇੰਜ ਅਸੀਂ ਤੇਰੇ ਨਾਲ ਨਿਭਾਵਾਂਗੇ
ਜਿਉਂਦੇ ਜੀਅ, ਸੱਜਣਾ ਤੈਨੂੰ ਯਾਦ ਕਦੀ ਨਹੀਂ ਆਵਾਂਗੇ

❁❁❁

# ਸੰਧਲੀ ਪੈੜਾਂ

ਦੂਰ ਤੱਕ ਸੰਨਾਟਾ, ਉਦਾਸ ਰਾਹਾਂ ਵਿੱਚ
ਕਿਸੇ ਦੀਆਂ ''ਸੰਧਲੀ ਪੈੜਾਂ''......ਦਾ
ਖਿਆਲਾਂ ਵਿੱਚ ਖ਼ੁਮਾਰ ਹੈ
ਹਰ ਇੱਕ ਸਾਹ ਦੇ ਸੇਕ ਨਾਲ
ਸੁਲਘ ਰਿਹਾ ਅੰਗਿਆਰ ਹੈ

ਬਰਸਾਤ ਵਾਂਗੂ ਨੈਣਾ ਵਿੱਚ
ਹਿਜਰ ਦੇ ਹੰਝੂ ਵਹਿ ਰਹੇ ਸੀ
ਬੋਝ ਗ਼ਮਾਂ ਦਾ ਮੋਢੇ ਚੁੱਕ ਕੇ
ਚੁੱਪ-ਚਪੀਤੇ ਸਹਿ ਰਹੇ ਸੀ

ਜ਼ਖ਼ਮ ਜ਼ਿੰਦਗੀ ਦੇ ਐਨੇ ਗਹਿਰੇ
ਰਾਤ ਦਿਨ ਪਏ ਸਨ ਕਰਾਉਂਦੇ
ਹੱਡਾਂ ਨੂੰ ਮੌਹਰੀ ਲੱਗ-ਲੱਗ ਜਾਵੇ
ਨਾ ਦਿਨ ਖ਼ੁਸ਼ੀ ਦੇ ਮੰਨ ਨੂੰ ਭਾਉਂਦੇ
ਆਉਂਦੇ ਜਾਂਦੇ ਰਾਹੀਆਂ ਦੇ ਹੱਥ
ਦਵਾ ਦਾਰੂ ਦਾ ਕੰਮ ਨਿਪਟਾਉਂਦੇ

ਇੱਕ ਅਲਬੇਲਾ ਉੱਥੇ ਆ ਪੁਜਿੱਆ
ਹਾਲ ਕੀ ਦਿਲ ਦਾ ਉਸਨੇ ਪੁੱਛਿਆ
ਦਿਲ ਦਾ ਕੀ ਤੈਨੂੰ ਹਾਲ ਸੁਣਾਵਾਂ
ਮੈਂ ਤੇ ਮੇਰੀ ਤਨਹਾਈ ਦੋਨੋਂ.
ਕਈ ਵਰ੍ਹਿਆਂ ਤੋਂ ਸਾਥ ਪੁਰਾਣਾ।

❁❁❁

# ਗ਼ਮਾਂ ਦੀ ਸੂਲੀ

ਗ਼ਮਾਂ ਦੀ ਸੂਲੀ ਤੇ ਚੜ੍ਹ ਗਈ ਮੇਰੀ
ਜਿੰਦ ਨਿਮਾਣੀ...... ਮੇਰੇ ਬਾਬਲਾ
ਨਾ ਮੈਂ ਹੱਸ ਕੇ ਖੇਡਿਆ ਬਚਪਨ
ਹੱਸੀ ਨਾ ਜਵਾਨੀ ਮੇਰੇ ਬਾਬਲਾ
ਗ਼ਮਾਂ ਦੀ ਸੂਲੀ ਤੇ ਚੜ੍ਹ ਗਈ
ਮੇਰੀ ਜਿੰਦ ਨਿਮਾਣੀ ਮੇਰੇ ਬਾਬਲਾ

ਸਦਰਾਂ ਮੇਰੀਆਂ ਡੋਲੀ ਦੇ ਵਿੱਚ
ਸਿਸਕਦੀਆਂ ਹੀ ਰਹਿ ਗਈਆਂ
ਮਾਰ ਦੁਹਾੜਾਂ ਰੋਵੇ ਘੁੰਡ ਵਿੱਚ
ਲਾਡਾਂ ਪਾਲੀ ਤੇਰੀ ਬਾਬਲਾ
ਗ਼ਮਾਂ ਦੀ ਸੂਲੀ ਤੇ ਚੜ੍ਹ ਗਈ
ਮੇਰੀ ਜਿੰਦ ਨਿਮਾਣੀ ਮੇਰੇ ਬਾਬਲਾ

ਉੱਠਣ ਤੁਫ਼ਾਨ ਜਦੋਂ ਸਾਹਾਂ ਮੇਰਿਆਂ ਵਿੱਚ
ਹੌਕਿਆਂ ਦੇ ਨਾਲ ਗਾਵੇ ਗੀਤ ਸ਼ਹਿਨਾਈ
ਵਿੱਛੜ ਗਏ ਮੇਰੇ ਗੁੱਡੀਆਂ ਪਟੋਲੇ
ਮੈਥੋਂ ਪੀਘਾਂ ਦੇ ਝੂਟੇ ਮੇਰੇ ਬਾਬਲਾ
ਗ਼ਮਾਂ ਦੀ ਸੂਲੀ ਤੇ ਚੜ੍ਹ ਗਈ ਮੇਰੀ
ਜਿੰਦ ਨਿਮਾਣੀ ਮੇਰੇ ਬਾਬਲਾ

ਗ਼ਮਾਂ 'ਚ ਬੈਠੀ ਦੁਖਿਆਰੀ ਦੇ
ਹਾਲ ਦੁਖਾਂ ਦਾ ਕੌਣ ਫ਼ਰੋਲੇ
ਐਸੀ ਉੱਲਝੀ ਉਲੱਝਣ ਦੇ ਵਿੱਚ
ਸੁਲਝ ਸਕੀ ਨਾ ਮੇਰੇ ਬਾਬਲਾ
ਗ਼ਮਾਂ ਦੀ ਸੂਲੀ ਤੇ ਚੜ੍ਹ ਗਈ
ਮੇਰੀ ਜਿੰਦ ਨਿਮਾਣੀ ਮੇਰੇ ਬਾਬਲਾ

❁❁❁

# ਆਸਾਂ ਦੇ ਦੀਪ

ਸੱਜਨ ਜੀ ਇਹ ਦਿਨ ਕੈਸੇ ਆਏ
ਚਾਰੋਂ ਤਰਫ਼ ਗ਼ਮਾਂ ਦੇ ਸਾਏ
ਜਿਵੇਂ ਸੋਗ ਵਿੱਚ ਬੱਦਲ ਛਾਏ
ਫਿੱਕੇ ਫਿੱਕੇ ਤੇ ......... ਅਲਸਾਏ
ਸੱਜਨ ਜੀ ਇਹ ਦਿਨ ਕੈਸੇ ਆਏ

ਨਾ ਤੇ ਅੰਬਰੀ ਤਾਰੇ ਦਿੱਸਣ
ਨਾ ਚੰਦਾ ਹੀ ਮੁੱਖ ਵਿਖਾਏ
ਨਾ ਕੂੰਜਾਂ ਦੀਆਂ ਡਾਰਾਂ ਉੱਡਣ
ਨਾ ਕੋਇਲਾਂ ਹੀ ਨਗ਼ਮੇਂ ਗਾਏ
ਸੱਜਨ ਜੀ ਇਹ ਦਿਨ ਕੈਸੇ ਆਏ

ਲੰਮੀ ਰਾਤ ਸ਼ੂਕਦੇ ਸਾਏ
ਵਿੱਚ ਫਿਕਰਾਂ ਦੇ ਨੀਂਦ ਨਾ ਆਏ
ਗ਼ਮ ਦੀ ਬੁਕੱਲ ਮਾਰ ਕੇ ਕਿਸ ਨੇ
ਕੋਸੇ ਕੋਸੇ ਨੀਰ ਬਹਾਏ
ਸੱਜਨ ਜੀ ਇਹ ਦਿਨ ਕੈਸੇ ਆਏ

ਨਾਲ ਪਰੀਤਾਂ ਚੁਣਕੇ ਮੈਂ ਤਾਂ
ਬਿਰਹਾ ਦੀ ਰੁੱਤ ਹਾਰ ਸੁੰਦਾਏ
ਵੇ ਨਸੀਬਾ ਕਾਲਿਆ, ਦੇਣ ਤਸੀਹੇ ਵਾਲਿਆ
ਕਿਉਂ ਮੇਰੀਆਂ ਅੱਖਾਂ ਵਿੱਚ ਰਹਿੰਦੇ
ਬਿਰਹਾ ਦੇ ਇਹ ਕਾਲੇ ਸਾਏ
ਸੱਜਨ ਜੀ ਇਹ ਦਿਨ ਕੈਸੇ ਆਏ

ਰੋ-ਰੋਕੇ ਅਸਾਂ ਦਿਨ ਲੰਘਾਏ
ਆਪਣੇ ਸਭ ਸੁੱਖ ਚੈਣ ਗੰਵਾਏ
ਬੇਦਰਦਾਂ ਦੇ ਅੰਧੇ ਖੂਹ ਤੇ
ਕਿਉਂ ਆਸਾਂ ਦੇ ਦੀਪ ਜਲਾਏ
ਸੱਜਨ ਜੀ ਇਹ ਦਿਨ ਕੈਸੇ ਆਏ
ਚਾਰੋ ਓਰ ਗ਼ਮਾਂ ਦੇ ਸਾਏ

❁❁❁

# ਵਸਲ ਦੀ ਰਾਤ

ਵੱਸਿਆ ਸਾਉਂਣ ਨਾ ਇੰਜ ਭਾਦੋਂ ਵੱਸਿਆ
ਮਜ਼ਾ ਵਸਲ ਦੀ ਰਾਤ ਦਾ ਆਉਣ ਲੱਗਾ
ਗੱਲਾਂ ਸੁਣਕੇ ਤੇਰੇ ਪਿਆਰ......... ਦੀਆਂ
ਮੇਰਾ ਦਿਲ ਵੀ ਫਿਰ ਲਲਚਾਉਣ ਲੱਗਾ

ਬਣਕੇ ਭੌਰਾ ਮੈਂ ਹਵਾ ਵਿੱਚ ਉੱਡ ਕੇ
ਦਿਲ ਕਰਦਾ ਤੇਰੇ ਕੋਲ ਪੁੱਜ ਜਾਵਾਂ
ਅੱਗੇ ਪਿਆਰ ਮੇਰਾ ਪਿੱਛੇ ਪਰਿਵਾਰ ਮੇਰਾ
ਦੋਵਾਂ ਵਿਚਕਾਰ ਨਾ ਕਿਤੇ ਡੁੱਬ ਜਾਵਾਂ

ਕਦੀ ਸਮਝੋ ਨਾ ਪਿਆਰ ਨੂੰ ਕਮਜ਼ੋਰ ਐਨਾ
ਇਹ ਨਾ ਦਰਾਰ ਰਿਸ਼ਤਿਆਂ ਵਿੱਚ ਪਾਉਣ ਲੱਗਾ
ਮੈਨੂੰ ਆਪਣੇ ਪਿਆਰ ਤੇ ਮਾਨ ਐਨਾ
ਇਹ ਨਾ ਸ਼ਬਦਾਂ ਦੇ ਵਿੱਚ ਸਮਾਉਣ ਲੱਗਾ

ਸੱਚਾ ਇਸ਼ਕ ਹੈ ਮੰਗਦਾ ਕੁਰਬਾਨੀਆਂ ਨੂੰ
ਇਹ ਨਾ ਕਦੀ ਦਿਲਾਂ ਨੂੰ ਵਿਛੋੜਦਾ ਹੈ
ਮੰਜ਼ਿਲ ਮੁੱਕਦੀ ਨਹੀਂ ਕਦੀ ਇਸ਼ਕ ਵਾਲੀ
ਸੱਚਾ ਇਸ਼ਕ ਨਹੀਂ ਦਿਲਾਂ ਨੂੰ ਤੋੜਦਾ ਹੈ

❁❁❁

# ਮੁਕੱਦਰ

ਵਕਤਾਂ ਦੀਆਂ ਤਸਵੀਰਾਂ ਨੂੰ, ਵਕਤਾਂ ਨਾਲ ਵੇਖਾਂਗੇ
ਲੇਖਾਂ ਦੀਆਂ ਲਕੀਰਾਂ ਨੂੰ, ਵਕਤਾਂ ਨਾਲ ਵੇਖਾਂਗੇ

ਤਕਲੇ ਵਿੱਚ ਪਾਈ ਤੰਦ ਨੂੰ ਪੂਣੀ ਨੇ ਖਿਚਿਆ ਸੀ
ਅੱਟੀ ਨੇ ਬਣ ਤਕਦੀਰ ਮੁਕੱਦਰ ਮੇਰਾ ਲਿਖਿਆ ਸੀ
ਲਿਖੀਆਂ ਹੋਈਆਂ ਲਕੀਰਾਂ ਨੂੰ ਵਕਤਾਂ ਨਾਲ ਵੇਖਾਂਗੇ
ਲੇਖਾਂ ਦੀਆਂ ਲਕੀਰਾਂ ਨੂੰ ਵਕਤਾਂ..................

ਜਦੋਂ ਗ਼ਮ ਦੀਆਂ ਸੋਚਾਂ ਵਿੱਚ, ਮੈਂ ਖੁਦ ਨੂੰ ਤੱਕਿਆ ਸੀ
ਵੇਖ ਮੁਕੱਦਰ ਮੇਰਾ ਸ਼ੀਸ਼ਾ ਖਿੜਖਿੜ ਹੱਸਿਆ ਸੀ
ਉਸ ਸ਼ੀਸ਼ੇ ਦੀਆਂ ਪੀੜਾਂ ਨੂੰ ਵਕਤਾਂ ਨਾਲ ਵੇਖਾਂਗੇ
ਲੇਖਾਂ ਦੀਆਂ ਲਕੀਰਾਂ ਨੂੰ ਵਕਤਾਂ..................

ਦਿਲ ਦੀਆਂ ਦਿਲ ਵਿੱਚ ਰਹਿ ਗਈਆਂ, ਵੱਡ-ਮੁਲੀਆਂ ਰੀਝਾਂ ਵੇ
ਸਮੇਂ ਤੋਂ ਪਹਿਲਾਂ ਕਰ ਆਈ ਮੈਂ ਪਾਰ ਦਲੀਜ਼ਾ ਵੇ
ਉਹ ਖ਼ਾਬਾਂ ਦੀਆਂ ਤਾਬੀਰਾਂ ਨੂੰ, ਵਕਤਾਂ ਨਾਲ ਵੇਖਾਂਗੇ
ਲੇਖਾਂ ਦੀਆਂ ਲਕੀਰਾਂ ਨੂੰ ਵਕਤਾਂ..................

ਘੁਣ ਵਾਂਗ ਖਾ ਗਈਆਂ ਜੋ ਮੇਰੇ ਖ਼ਾਬਾਂ ਨੂੰ
ਮੈਂ ਅੱਜ ਵੀ ਸੀਨੇ ਲਾ ਕੇ ਰੱਖਾਂ ਉਹਨਾਂ ਯਾਦਾਂ ਨੂੰ
ਇਹ ਪੈਰੀਂ ਪਈਆਂ ਜ਼ੰਜੀਰਾਂ ਨੂੰ ਵਕਤਾਂ ਨਾਲ ਵੇਖਾਂਗੇ
ਲੇਖਾਂ ਦੀਆਂ ਲਕੀਰਾਂ ਨੂੰ ਵਕਤਾਂ..................

ਹਿਜਰ ਦੇ ਦੀਵੇ ਬਾਲ ਕੇ, ਘਰ ਨੂੰ ਰੌਸ਼ਨ ਕੀਤਾ ਸੀ
ਤੇਰੇ ਹੱਥੋਂ ਹੀ ਲੈ ਕੇ ਜ਼ਹਿਰ ਪਿਆਲਾ ਪੀਤਾ ਸੀ
ਫਿਰ ਦਿਲ ਤੇ ਚੱਲੇ ਤੀਰਾਂ ਨੂੰ ਵਕਤਾਂ ਨਾਲ ਵੇਖਾਂਗੇ
ਲੇਖਾਂ ਦੀਆਂ ਲਕੀਰਾਂ ਨੂੰ, ਵਕਤਾਂ ਨਾਲ ਵੇਖਾਂਗੇ

ਮੈਂ ਤਾਂ ਜ਼ਿੰਦਗੀ ਆਪਣੀ ਇੰਝ ਲੰਘਾਈ ਵੇ
ਪਾਣੀ ਉੱਤੇ ਜਿਵੇਂ ਤੂੰ ਤਸਵੀਰ ਬਣਾਈ ਵੇ
ਛੱਡ ਦਿਲਾ ਦਿਲਗੀਰਾਂ ਨੂੰ ਵਕਤਾਂ ਨਾਲ ਵੇਖਾਂਗੇ
ਲੇਖਾਂ ਦੀਆਂ ਲਕੀਰਾਂ ਨੂੰ, ਵਕਤਾਂ ਨਾਲ ਵੇਖਾਂਗੇ

❁❁❁

# ਮਾਂ

ਮਾਂ ਆਖ਼ਦੀ ਪਈ ਧੀਏ ਰਾਣੀਏ ਨੀ
ਉੱਠ ਆਪਣਾ ਆਪ ਸੰਵਾਰ ਲੈ ਤੂੰ
ਕਰ ਨਿੰਮਾ ਜਿਹਾ ਸ਼ਿੰਗਾਰ ਅੜੀਏ
ਸੋਹਲ ਸਰੀਰ ਨੂੰ ਜ਼ਰਾ ਸਜਾ ਲੈ ਤੂੰ

ਤੈਨੂੰ ਵੇਖਣੇ ਨੂੰ ਕਿਸੇ ਵਰ ਆਉਣਾ
ਸ਼ਰਮ ਅੱਖਾਂ ਦੇ ਵਿੱਚ ਵਸਾ ਲੈ ਤੂੰ
ਗੱਲ ਕਰੇ ਜੇ ਨਵੇਕਲੀ ਥਾਂ ਧੀਏ
ਅੱਖ ਸ਼ਰਮ ਦੇ ਨਾਲ ਝੁਕਾ ਲਈ ਤੂੰ

ਕਰੇ ਪਿਆਰ ਵਾਲੀ ਜੋ ਗੱਲ ਧੀਏ
ਥੋੜਾ ਸ਼ਰਮਾ ਕੇ ਸਿਰ ਹਿਲਾ ਦੇਵੀਂ
ਕੰਤ ਤੇਰਾ ਉਹ ਬਣਨਾ ਜੋਬਨ ਰੱਤੀਏ
ਸ਼ੀਸ਼ੇ ਵਾਂਗ ਤੂੰ ਆਪਣੇ 'ਚ ਉਤਾਰ ਲਵੀਂ

ਕਰੇ ਤੇਰੇ ਨਾਲ ਜੇ ਕੌਲ ਕਰਾਰ ਅੜੀਏ
ਗੁੱਸਾ ਕਰਕੇ ਨਾ ਐਵੇਂ ਵਿਖਾ ਦੇਵੀਂ
ਮੇਰੇ ਬਾਗ਼ ਦੀਏ ਨਾਜ਼ੁਕ ਕਲੀਏ
ਕਿਸੇ ਦਿੱਤਾ ਨਾ ਹੋਵੇ, ਤੂੰ ਐਨਾ ਪਿਆਰ ਦੇਵੀਂ

❁❁❁

# ਵਫ਼ਾ ਦਾ ਮਹਿਲ

ਮੇਰੀ ਸੁਲਝੀ ਹੋਈ ਤੰਦ ਨੂੰ
ਤੇਰੀਆਂ ਫੂਕਾਂ ਨੇ ਉਲਝਾ ਦਿੱਤਾ

ਇਸ ਤੰਦ ਦਾ ਡੋਰੀਆ ਪੱਕਾ ਸੀ
ਕਿਉਂ ਕੱਚਾ ਸਮਝ ਤੁੜਾ ਦਿੱਤਾ

ਮੇਰੇ ਤੰਨ ਦੀ ਚਿੱਟੀ ਚਾਦਰ ਤੇ
ਕਿਉਂ ਦਾਗ਼ ਜਫ਼ਾ ਦਾ ਲਾ ਦਿੱਤਾ

ਮੇਰੇ ਮਹਿਕੇ ਹੋਏ ਗੁਲਸ਼ਨ ਨੂੰ
ਕਿਉਂ ਝੌਂਕਾ ਗਰਮ ਹਵਾ ਦਾ ਦਿੱਤਾ

ਤੇਰੇ ਗਰਮ ਹਵਾ ਦੇ ਝੌਂਕੇ ਨੇ
ਗੁਲਸ਼ਨ ਮੇਰੇ ਦਿਲ ਦਾ ਜਲਾ ਦਿੱਤਾ

ਵਗਦੇ ਅੱਖਾਂ ਵਿੱਚ ਹੰਝੂਆਂ ਨੂੰ
ਕੀ ਸਮਝ ਗਟਰ ਵਿੱਚ ਪਾ ਦਿੱਤਾ

❁❁❁

ਆਇਆ ਤਰਸ ਨਾ ਤੈਨੂੰ ਬੇਦਰਦੀਆ ਵੇ
ਮੇਰੀ ਪਾਕ ਮੁਹੱਬਤ ਸਮਝ ਜਫ਼ਾ
ਜਫ਼ਾਗਾਰ ਤੂੰ ਵਫ਼ਾ ਨੂੰ ਠੁਕਰਾ ਦਿੱਤਾ

ਹੁਣ ਲੱਖ ਬਣਾਓ ਮਹਿਲ ਮੁਨਾਰੇ
ਅਸਾਂ ਖੁਦ ਮਹਿਲ ਵਫ਼ਾ ਦਾ ਢਾਹ ਦਿੱਤਾ

ਢਾਹ ਦਿੱਤਾ
ਢਾਹ ਦਿੱਤਾ

❁❁❁

# ਮੇਰਾ ਦਿਲ

ਮੇਰਾ ਦਿਲ ਕਿਉਂ ਧੜਕਦਾ ਹੈ
ਮੈਨੂੰ ਤੇਰੀ ਯਾਦ ਕਿਉਂ ਸਤਾਂਦੀ ਹੈ
ਮੈਂ ਜਾਣਦਾ ਹਾਂ ਇਹ ਮੁਮਕਿਨ ਨਹੀਂ
ਫਿਰ ਵੀ ਦਿਲ ਵਿੱਚ ਘਰ ਕਰ ਜਾਂਦੀ ਹੈ

ਤੂੰ ਖ਼ਿਆਲਾਂ ਵਿੱਚ ਆਉਂਣਾ ਛੋੜ ਦੇ
ਖ਼ਵਾਬਾਂ ਵਿੱਚ ਆਉਣਾ ਛੋੜ ਦੇ
ਮੇਰੇ ਗ਼ਮ ਨੂੰ ਸਹਿਲਾਉਣਾ ਛੋੜ ਦੇ
ਮੇਰੇ ਦਿਲ ਨੂੰ ਬਹਿਲਾਉਣਾ ਛੋੜ ਦੇ

ਤੈਨੂੰ ਤੇਰੀਆਂ ਮਸਤ ਨਿਗਾਹਾਂ ਦੀ ਕਸਮ
ਤੈਨੂੰ ਤੇਰੀਆਂ ਸ਼ੋਖ਼ ਅਦਾਵਾਂ ਦੀ ਕਸਮ
ਤੈਨੂੰ ਇਹਨਾਂ ਮਦਹੋਸ਼ ਖ਼ਿਜਾਵਾਂ ਦੀ ਕਸਮ
ਤੈਨੂੰ ਇਹਨਾਂ ਘਨਘੋਰ ਘਟਾਵਾਂ ਦੀ ਕਸਮ

ਅੱਖਾਂ ਨਾਲ ਜਾਮ ਪਿਲਾਣਾ ਛੋੜ ਦੇ
ਮੇਰੇ ਹੋਸ਼ ਉਡਾਣਾ ਛੋੜ ਦੇ
ਮੈਨੂੰ ਮਦਹੋਸ਼ ਬਣਾਨਾ ਛੋੜ ਦੇ
ਮੈਨੂੰ ਵਿੱਚ ਮੈਖ਼ਾਨੇ ਭਟਕਾਣਾ ਛੋੜ ਦੇ

ਤੇਰਾ ਹਰ ਅੰਦਾਜ਼ ਨਿਰਾਲਾ ਹੈ
ਜਿਵੇਂ ਮਦਿਰਾ ਦਾ ਪਿਆਲਾ ਹੈ
ਤੂੰ ਪੁੰਨਿਆ ਦੇ ਚੰਨ ਵਰਗੀ
ਤੇਰੇ ਚਾਰੋ ਤਰਫ਼ ਉਜਾਲਾ ਹੈ

❁❁❁

# ਤੇਰੀ ਕਬਰ ਤੇ

ਤੇਲ ਅੱਖਾਂ ਵਿੱਚੋਂ ਵਗਦੇ ਹੰਝੂਆਂ ਦਾ ਪਾ ਕੇ
ਵੱਟੀ ਮਾਸ ਦੀ ਬਣਾਕੇ ਉਸਦੇ ਵਿੱਚ ਪਾਵਾਂ

ਅਮਾਵਸ ਵਾਲੇ ਦਿਨ ਅੱਧੀ ਰਾਤ ਨੂੰ ਉੱਠ
ਦੀਵਾ ਕਬਰ ਤੇ ਤੇਰੀ ਮੈਂ ਆਣ ਜਗਾਵਾਂ

ਬੈਠ ਕਦਮਾਂ 'ਚ ਤੇਰੇ ਰੂਹ ਮੇਰੀ ਕੁਰਲਾਈ
ਕੋਲ ਆਪਣੇ ਬੁਲਾਲੈ ਤੈਨੂੰ ਵਾਸਤਾ ਮੈਂ ਪਾਵਾਂ

ਚੰਦ ਲਮਹੇ ਜੋ ਗੁਜ਼ਾਰੇ ਕੋਲ ਬੈਠ ਕੇ ਮੈਂ ਤੇਰੇ
ਯਾਦ ਉਹਨਾਂ ਲਮ੍ਹਿਆਂ ਦੀ ਹੁਣ ਕਿਵੇਂ ਮੈਂ ਭੁਲਾਵਾਂ

ਚਿੱਤ ਕਰੇ ਕਦੀ ਮੈਂ ਵੀ ਪੀਕੇ ਜ਼ਹਿਰ ਦਾ ਪਿਆਲਾ
ਤੇਰੇ ਰੰਗ ਵਿੱਚ ਤੇਰੇ ਵਾਂਗੂੰ ਮੈਂ ਵੀ ਰੰਗ ਜਾਵਾਂ

ਹੁਣ ਦੱਸ ਮੈਨੂੰ ਕੌਣ ਸੁਣੇ ਮੇਰੀ ਦਰਦ ਕਹਾਣੀ
ਸੱਚੇ ਪਿਆਰ ਵਾਲੀ ਰੀਤ ਬੜੀ ਔਖੀ ਹੈ ਨਿਭਾਣੀ

❁❁❁

# ਹੱਥ ਦੀਆਂ ਲੀਕਾਂ

ਮੇਰੇ ਹੱਥ ਦੀਆਂ ਲੀਕਾਂ ਹਾਏ ਮੈਨੂੰ ਰੋਲ ਸੁੱਟਿਆ
ਜੋ ਵੀ ਆਪਣਾ ਸੀ ਸਾਡੀ ਜ਼ਿੰਦਗੀ 'ਚ ਆਇਆ
ਮੈਨੂੰ ਬਾਏ ਕਰ ਜ਼ਿੰਦਗੀ 'ਚੋਂ ਤੋਰ ਸੁੱਟਿਆ
ਮੇਰੇ ਹੱਥ ਦੀਆਂ ਲੀਕਾਂ ਮੈਨੂੰ ਰੋਲ ਸੁੱਟਿਆ

ਮੈਂ ਤਾਂ ਪਿਆਰ ਵਾਲੇ ਬੂਹੇ ਸਭ ਵਾਸਤੇ ਸੀ ਖੋਲੇ
ਦਿਲ ਵਾਲੇ ਦੁੱਖ ਭਾਵੇਂ ਕੋਈ ਵੀ ਆਣ ਫੋਲੇ
ਮੇਰੇ ਜਜ਼ਬਾਤਾਂ ਦਾ ਮਜ਼ਾਕ ਉਡਾਕੇ ਹਾਸਿਆਂ ਦੇ ਨਾਲ
ਮੇਰੇ ਹਾਸਿਆਂ ਨੂੰ ਪੈਰਾਂ 'ਚ ਮਧੋਲ............ ਸੁੱਟਿਆ

ਮੇਰੇ ਪੈਰਾਂ ਵਿੱਚ ਕੰਡੇ ਮੇਰੀ ਸਾਦਗੀ ਨੇ ਬੋਏ
ਇਹਨ੍ਹਾਂ ਕੰਡਿਆਂ ਦੇ ਨਾਲ ਅਸੀਂ ਰਾਤ ਦਿਨ ਰੋਏ
ਚੈਨ ਦਿਨ ਨੂੰ ਨਾ ਆਇਆ ਨੀਂਦ ਰਾਤਾਂ ਨੂੰ ਨਾ ਆਈ
ਦੱਸਾਂ ਕੀਹਨੂੰ ਜਾਕੇ ਮੇਰਾ ਗਿਆ ਜਹਾਨ ਲੁੱਟਿਆ

ਅਸੀਂ ਖੇਲ ਚਾਵਾਂ ਵਾਲਾ ਕਦੀ ਖੇਲ ਵੀ ਨਾ ਪਾਏ
ਸਾਥੋਂ ਦੂਰ-ਦੂਰ ਰਹੇ ਸਾਡੇ ਆਪਣੇ ਹੀ ਸਾਏ
ਆਪਣਿਆਂ ਵਿੱਚ ਬਹਿਕੇ ਕਦੀ ਬੋਲ ਵੀ ਨਾ ਪਾਏ
ਬਹਿ ਬੇਗਾਨਿਆਂ 'ਚ ਦਿਲ ਨੂੰ ਫਰੋਲ ਸੁੱਟਿਆ

❁❁❁

# ਅੱਧ-ਅੱਧੀ ਰਾਤੀਂ

ਅੱਧੀ-ਅੱਧੀ ਰਾਤੀਂ ਜਦੋਂ ਉੱਠ-ਉੱਠ ਬਹਿਨੀਆਂ
ਗ਼ਮਾਂ ਦੀ ਮੈਂ ਉੜ ਚਾਦਰ ਵਿੱਚੋ ਵਿੱਚ ਰੋਨੀਆਂ
ਇਕੱਠੇ ਕਰ ਬੁੱਕ ਵਿੱਚ ਹੰਝੂਆਂ ਦੇ ਮੋਤੀ ਮੈਂ
ਇੱਕ-ਇੱਕ ਕਰਕੇ ਮਾਲਾ.........ਪਰੋਨੀਆਂ
ਅੱਧੀ-ਅੱਧੀ ਰਾਤੀ ਜਦੋਂ ਉੱਠ-ਉੱਠ ਬਹਿਨੀਆਂ

ਇਕ ਪਾਸੇ ਰੋਣ ਤਾਰੇ ਦੂਜੀ ਰੋਵੇ ਅੱਖ ਵੇ
ਸੱਜਨਾ ਕਦੀ ਤੇ ਆਕੇ ਸਾਡੇ ਵੱਲ ਤੱਕ ਵੇ
ਦਿਲ 'ਚ ਵਸਾਕੇ ਤੈਨੂੰ ਗੁੰਮ-ਸੁੰਮ ਰਹਿਨੀਆਂ
ਅੱਧੀ-ਅੱਧੀ ਰਾਤੀਂ ਜੱਦੋਂ ਉੱਠ-ਉੱਠ ਬਹਿਨੀਆਂ

ਬੀਨ ਉੱਤੇ ਜਿਵੇਂ ਸੱਪ ਜਾਵੇ ਡੋਲਦਾ
ਸੁੱਪਨੇ 'ਚ ਵੇਖ ਤੈਨੂੰ ਦਿਲ ਮੇਰਾ ਬੋਲਦਾ
ਬਣਕੇ ਸਪੇਰਾ ਆਜਾ ਤਰਲਾ ਮੈਂ ਲੈਂਦੀਆਂ
ਅੱਧੀ-ਅੱਧੀ ਰਾਤੀਂ ਜੱਦੋਂ ਉੱਠ-ਉੱਠ ਬਹਿਨੀਆਂ

ਠੰਡੀ ਛਾਂ 'ਚ ਬੈਠਾ ਰਾਂਝਾ ਮੱਝਾਂ ਚਾਰਦਾ
ਵੰਝਲੀ ਵਜਾਕੇ ਆਪਣੀ ਹੀਰ ਨੂੰ ਪੁਕਾਰਦਾ
ਹਿਜਰ ਤੇਰੇ 'ਚ ਮੈਂ ਵੀ ਵੰਝਲੀ ਵਜਾਉਂਦੀਆਂ
ਅੱਧੀ-ਅੱਧੀ ਰਾਤੀਂ ਜੱਦੋਂ ਉੱਠ-ਉੱਠ ਬਹਿਨੀਆਂ

❁❁❁

# ਪੀੜਾਂ ਦੇ ਪਰਾਗੇ

ਦੁੱਖਾਂ ਤੇ ਮੁਸੀਬਤਾਂ 'ਚ ਹੌਸਲਾ ਨਾ ਟੁੱਟਿਆ
ਰੋ-ਰੋਕੇ ਅੱਖਾਂ ਵਿੱਚੋਂ ਨੀਰ ਭਾਵੇਂ ਸੁੱਕਿਆ

ਬੇਦਰਦੀ ਮੈਨੂੰ ਘੁਣ ਵਾਂਗੂੰ ਖਾ ਗਿਆ
ਕਾਲੀ ਰਾਤ ਬਣਕੇ ਸਵੇਰਿਆਂ ਤੇ ਛਾ ਗਿਆ
ਹੱਸਣਾ ਵੀ ਭੁੱਲ ਗਈ ਗ਼ਮਾਂ ਵਿੱਚ ਰੁੱਲ ਗਈ
ਆਉਣੋਂ ਮੇਰੇ ਬੂਹੇ ਤੱਕ ਗ਼ਮ ਵੀ ਨਾ ਰੁਕਿਆ
ਰੋ-ਰੋਕੇ ਅੱਖਾਂ ਵਿੱਚੋਂ ਨੀਰ ਭਾਵੇਂ ਸੁੱਕਿਆ

ਸੁਪਨੇ 'ਚ ਰੋਜ਼ ਮੈਨੂੰ ਇਹੀ ਗੱਲ ਪੁੱਛਦਾ
ਕਿਸ ਉੱਤੇ ਆਸਾਂ ਲਾਕੇ ਸੁੱਤੀ ਹੈਂ ਤੂੰ ਉੱਠ ਜਾ
ਸਮੇਂ ਦੇ ਤਸੀਹਿਆਂ ਨੂੰ ਹੱਸ ਕੇ ਗੁਜ਼ਾਰ ਲੈ
ਭਾਵੇਂ ਰੋਮ ਰੋਮ ਵਿੱਚ ਗ਼ਮ ਰਚ ਚੁੱਕਿਆ
ਰੋ-ਰੋਕੇ ਅੱਖਾਂ ਵਿੱਚੋਂ ਨੀਰ ਭਾਵੇਂ ਸੁੱਕਿਆ

ਇਕੱਲਿਆਂ ਸਫਰ ਸਾਰੀ ਉਮਰ ਗੁਜ਼ਾਰਿਆ
ਇੱਕ ਪਲ ਲੱਗਿਆ ਸੀ ਸਭ ਕੁੱਝ ਪਾ ਲਿਆ
ਇਹੀ ਭੁਲੇਖਾ ਮੈਨੂੰ ਭਰਮਾਂ 'ਚ ਪਾ ਗਿਆ
ਇੱਕ-ਇੱਕ ਪਲ ਮੇਰਾ ਫ਼ਿਕਰਾਂ 'ਚ ਮੁੱਕਿਆ
ਰੋ-ਰੋਕੇ ਅੱਖਾਂ ਵਿੱਚੋਂ ਨੀਰ ਭਾਵੇਂ ਸੁੱਕਿਆ

ਲੱਗਿਆ ਸੀ ਦਿਨ ਹੁਣ ਖ਼ੁਸ਼ੀਆਂ ਦੇ ਆ ਗਏ
ਗੱਲਾਂ-ਗੱਲਾਂ ਵਿੱਚ ਅਸੀਂ ਫਿਰ ਧੋਖਾ ਖਾ ਗਏ
ਉਮਰਾਂ ਵੀ ਲੰਘ ਗਈਆਂ ਰੱਖੀਆਂ ਉਮੀਦਾਂ ਵਿੱਚ
ਚਾਨਣ ਦੀ ਖੋਜ ਵਿੱਚ ਸੱਭ ਹੱਥੋਂ ਖੁੱਸਿਆ
ਰੋ-ਰੋਕੇ ਅੱਖਾਂ ਵਿੱਚੋਂ ਨੀਰ ਭਾਵੇਂ ਸੁੱਕਿਆ

❁❁❁

# ਹੀਰੇ ਸੋਹਣੀਏ

ਇੱਕ ਤਾਂ ਤੇਰਾ ਰੰਗ ਗੁਲਾਬੀ
ਦੂਜਾ ਮੌਸਮ ਦਾ ਮਜ਼ਾਜ ਸ਼ਰਾਬੀ
ਵੇਖੀ ਹੀਰੇ ਸੋਹਣੀਏ ਕਿਤੇ
ਕਰ ਨਾ ਦੇਣ ਇਹ ਕੋਈ ਖ਼ਰਾਬੀ

ਤੇਜ਼ ਹਵਾ ਕਰ ਰਹੀ ਕਲੋਲ
ਬਹਿੰਦੀ ਆ-ਆ ਤੇਰੇ ਕੋਲ
ਤੇਜ਼ ਹਵਾ ਦੇ ਝੋਕੇ ਦੇ ਨਾਲ
ਰਹਿੰਦੀ ਕਿਉਂ ਤੂੰ ਡਾਵਾਂ ਡੋਲ
ਵੇਖੀਂ ਹੀਰੇ ਸੋਹਣੀਏ ਕਿਤੇ
ਖਿੱਚ ਨਾ ਲੈਣ ਇਹ ਤੇਰੀ ਡੋਰ

ਜਦੋਂ ਦੀ ਆਈ ਤੇਰੇ ਤੇ ਜਵਾਨੀ
ਹਰ ਮੂੰਹ ਉੱਤੇ ਤੇਰੀ ਕਹਾਣੀ
ਨੂਰਾਨੀ ਚੇਹਰੇ ਦੇ ਨੂਰ ਨੂੰ
ਵੇਖ ਹਵਾ ਵੀ ਹੋਈ ਮਸਤਾਨੀ
ਵੇਖੀਂ ਹੀਰੇ ਸੋਹਣੀਏ ਕਿਤੇ
ਕਰ ਨਾ ਬੈਠੀ ਕੋਈ ਨਾਦਾਨੀ

ਵਿੱਚ ਹੁਸਨ ਦੇ ਲੱਦੀ ਜਾਵੇਂ
ਗੋਰਾ ਰੰਗ ਸ਼ਰਬਤੀ ਅੱਖੀਆਂ
ਵਿੱਚ ਸੁਰਮੇਂ ਦੀ ਧਾਰੀ ਪਾਕੇ
ਉੱਡਦੀ ਜਾਵੇਂ ਬੇ-ਧਿਆਨੀ
ਵੇਖੀ ਹੀਰੇ ਸੋਹਣੀਏ ਕਿਤੇ
ਕਰ ਨਾ ਜਾਵੇ ਕੋਈ ਬੇ-ਇਮਾਨੀ

❁❁❁

# ਕਦੀ ਤੇ

ਕਦੀ ਤੇ ਕਰ ਸਾਨੂੰ ਯਾਦ ਵੇ 'ਸਾਡਾ'
ਗੱਲਾਂ ਕਰਨ ਨੂੰ ਦਿਲ ਕਰਦਾ
ਕੁੱਝ ਪੁਰਾਨੀਆਂ ਯਾਦਾਂ ਨੂੰ 'ਕੁੱਝ'
ਨਵੇਂ ਪਲਾਂ ਨੂੰ ਯਾਦ ਕਰ 'ਸਾਡਾ'
ਮਨ ਬਹਿਲਾਉਣ ਨੂੰ ਦਿਲ ਕਰਦਾ

ਪਲ ਗੁਜ਼ਰਦੇ ਗੁਜ਼ਰ ਗਏ
ਖਾ-ਖਾਕੇ ਗ਼ਮਾਂ ਦੇ ਥਪੇੜੇ
ਉਡੀਕਾਂ ਕਿਵੇਂ ਪਲ ਖ਼ੁਸ਼ੀਆਂ ਦੇ
ਸਾਡੀ ਬੁੱਕਲ 'ਚ ਗ਼ਮ ਸੀ ਬਥੇਰੇ
ਇੰਨਾਂ ਗ਼ਮਾਂ ਦੀਆਂ ਯਾਦਾਂ ਵਿੱਚ 'ਝੜੀ'
ਹੰਝੂਆਂ ਦੀ ਲਾਉਣ ਨੂੰ ਦਿਲ ਕਰਦਾ

ਦਿਨ ਦਾ ਕੀ ਅਸੀਂ ਹਾਲ ਦੱਸੀਏ
ਰਾਤਾਂ ਲੱਗਣ ਡਰਾਉਣੀਆਂ ਸਾਨੂੰ
ਚਾਂਦਨੀਆਂ ਰਾਤਾਂ ਵੀ ਜਾਪਣ
ਰਾਤਾਂ ਅਮਾਵਸ ਦੀਆਂ ਸਾਨੂੰ
ਘਿਰ ਗਏ ਅਸੀਂ ਵਿੱਚ ਹਨੇਰੇ
ਸਾਡਾ ਚਾਨਣ 'ਚ ਆਉਂਣ ਨੂੰ ਦਿੱਲ ਕਰਦਾ
ਕਦੀ ਤੇ ਕਰ ਸਾਨੂੰ ਯਾਦ ਵੇ ਸਾਡਾ
ਗੱਲਾਂ ਕਰਨ ਨੂੰ ਦਿਲ ਕਰਦਾ

❋❋❋

# ਗਜ਼ਲ

ਦੇ ਗਿਉ ਸਾਨੂੰ ਸੱਜਨਾ ਵੇ ਗ਼ਮ
ਵਿੱਚ ਸਿਸਕਦੀਆਂ.........ਆਹਾਂ
ਨਾ ਤੂੰ ਮੁੜਕੇ ਵੇਖਿਆ ਸਾਨੂੰ ਨਾ
ਯਾਦ ਸਾਡੀਆਂ.........ਰਾਹਾਂ

ਕਦਮਾਂ ਦੀ ਤੇਰੇ ਆਹਟ ਵੇ
ਸਾਡੇ ਦਿਲਾਂ ਨੂੰ ਛੂ-ਛੂ......ਜਾਂਵਦੀ
ਆਉਂਦੇ ਜਾਂਦੇ ਰਾਹੀਆਂ ਨੂੰ ਵੇਖ
ਸਾਡੀ ਅੱਖ ਭਲੇਖਾ ਖਾਂਵਦੀ
ਤੂੰ ਤੇ ਜਾਕੇ ਭੁੱਲ ਗਿਉਂ ਸਾਨੂੰ
ਆਉਂਦੀਆਂ ਤੇਰੀਆਂ ਯਾਦਾਂ

ਪਲ ਜੋ ਗੁਜ਼ਾਰੇ ਤੇਰੇ ਨਾਲ ਵੇ
ਉਹਨ੍ਹਾਂ ਪਲਾਂ ਦੀ ਯਾਦ ਸਤਾਂਵਦੀ
ਸਾਹਮਣੇ ਬੈਠਾ ਵੇਖਕੇ ਤੈਨੂੰ
ਅੱਖ ਸਾਡੀ ਸ਼ਰਮਾਂਵਦੀ
ਕਦੀ ਤੇ ਕਰ ਸਾਨੂੰ ਯਾਦ ਵੇ
ਕਦੀ ਤੱਕ ਤੂੰ ਸਾਡੀਆਂ ਵਾਟਾਂ

ਦਿਨ ਗੁਜ਼ਰ ਜਾਂਦਾ ਸਾਡਾ ਪਰ
ਰਾਤ ਸਾਨੂੰ ਤੜਪਾਂਵਦੀ
ਚੰਨ-ਚਾਨਣੀ ਰਾਤ ਵਿੱਚ ਫਿਰਾਂ
ਗੀਤ ਹਿਜਰ ਦੇ ਗਾਂਵਦੀ
ਕਦੀ ਹੱਸਾਂ ਵਾਂਗੂੰ ਕਮਲਿਆਂ
ਕਦੀ ਰੋਵਾਂ ਮਾਰਕੇ ਧਾਵਾਂ
ਦੇ ਗਿਓ ਸਾਨੂੰ ਸੱਜਣਾ ਵੇ
ਗ਼ਮ ਵਿੱਚ ਸਿਸਕਦੀਆਂ ਆਹਾਂ

❁❁❁

# ਦੀਵਾ ਹਿਜਰ ਦਾ

ਦੀਵਾ ਹਿਜਰ ਦਾ ਅਸਾਂ ਸਾਰੀ ਰਾਤ ਜਗਾਇਆ
ਉਸ ਵਿੱਚ ਪਾਕੇ ਹੰਝੂਆਂ ਦਾ ਤੇਲ
ਕਰ-ਕਰਕੇ ਉਡੀਕਾਂ ਸਾਰੀ ਰਾਤ ਮੁੱਕ ਗਈ
ਬੁੱਲਾਂ ਤੇ ਹੌਕਿਆਂ ਦੀ ਜੰਮ ਗਈ ਤਰੇਲ

ਰਾਤ ਹਿਜਰ ਦੀ ਸੇਜ ਉੱਤੇ ਜਾਗਕੇ ਗੁਜ਼ਾਰੀ
ਉਨੀਂਦਰੇ ਦੀਆਂ ਅੱਖਾਂ ਵਿੱਚ ਗ਼ਮ ਦੀ ਖ਼ੁਮਾਰੀ
ਸੋਹਣੀ ਨਾਰ ਦੀ ਜਵਾਨੀ ਦਾ ਹੁਸਣ ਵੇਖਕੇ
ਖ਼ੂਨ ਮੱਸਿਆ ਦੀ ਕਾਲੀ ਰਾਤ ਪੀ ਗਈ

ਅਸੀਂ ਰੰਗੇ ਸਾਂ ਇਸ਼ਕ ਦੇ ਵਿੱਚ ਤੇਰੇ
ਅਸਾਂ ਜ਼ਿੰਦਗੀ 'ਚ ਉਹ ਨਜ਼ਾਰਾ ਜੀ ਲਿਆ
ਜਿਹੜਾ ਪੀਤਾ ਨਾ ਉਹ ਅਜੇ ਤੀਕ ਕਿਸੇ ਨੇ
ਪਿਆਲਾ ਪਿਆਰ ਦੇ ਨਸ਼ੇ ਦਾ ਸਾਰਾ ਪੀ ਲਿਆ

ਤੇਰੀਆਂ ਝੂਠੀਆਂ ਮੁਹੱਬਤਾਂ ਦਾ ਉਤਾਰ ਕੇ ਲਿਬਾਸ
ਅਸਾਂ ਚੰਦ ਦੀ ਚਾਦਰ ਦਾ ਕਫ਼ਨ ਸੀ ਲਿਆ
ਰੂਹ ਸਾਡੀ ਤੇਰੇ ਦਰ ਤੋਂ ਪਿਆਸੀ ਲੌਟ ਗਈ
ਜ਼ਹਿਰ ਅੱਕ ਦਾ ਨਿਚੋੜ ਅਸਾਂ ਸਾਰਾ ਪੀ ਲਿਆ

# ਦਿਲ

ਦਿਲ ਇਸ਼ਕ ਦੇ ਵਿੱਚ ਦੱਸ ਕਿੱਥੇ ਖੋ ਗਿਆ
ਦਿਲ ਤੇਰਾ ਨਾ ਤੇਰੇ ਵੱਸ 'ਚ ਰਿਹਾ
ਦਿਲ ਇਸ਼ਕ ਦੇ ਵਿੱਚ ਤੇਰਾ ਕਿੱਥੇ ਖੋ ਗਿਆ

ਪੱਤਣਾ ਤੇ ਜਾਕੇ ਐਨੂੰ ਢੂੰਡ-ਢੂੰਡ ਥੱਕ ਗਈ
ਗੁਲਸ਼ਨ-ਗੁਲਸ਼ਨ ਫਿਰ-ਫਿਰ ਅੱਕ ਗਈ
ਮਿਲਿਆ ਨਾ ਅਜੇ ਤੱਕ ਕਿੱਥੇ ਜਾਕੇ ਸੋ ਗਿਆ
ਦਿਲ ਇਸ਼ਕ ਦੇ ਵਿੱਚ ਦੱਸ ਕਿੱਥੇ ਖੋ ਗਿਆ

ਰਾਤ ਚਾਨਣੀ ਦੇ ਵਿੱਚ ਲੱਭਦੀ ਫਿਰਾਂ ਮੈਂ 'ਐਨੂੰ'
ਦੱਸ ਦੇ ਗਵਾਇਆ ਕਿੱਥੇ ਦਿਲ ਆਪਣਾ ਤੂੰ ਮੈਨੂੰ
ਸੁਣਕੇ ਕਹਾਣੀ ਤੇਰੀ ਦਿਲ ਮੇਰਾ ਰੋ ਪਿਆ
ਦਿਲ ਇਸ਼ਕ ਦੇ ਵਿੱਚ ਦੱਸ ਕਿੱਥੇ ਖੋ ਗਿਆ

ਅੱਖੀਆਂ ਦੇ ਵਿੱਚੋਂ ਨੀਰ ਵੱਗ-ਵੱਗ ਮੁੱਕਿਆ
ਦਿਲ ਤੇਰਾ ਨਾ ਜਾਣੇ ਕਿਸ ਗੁਫ਼ਾ ਵਿੱਚ ਲੁਕਿਆ
ਕਿਹੜਾ ਰਾਹੀ ਤੇਰੇ ਰਾਹਾਂ ਵਿੱਚ ਕੰਢੇ ਆਕੇ ਬੋ ਗਿਆ
ਦਿਲ ਇਸ਼ਕ ਦੇ ਵਿੱਚ ਦੱਸ ਕਿੱਥੇ ਖੋ ਗਿਆ

❁❁❁

# ਗ਼ਮਾਂ ਦੀ ਗਠੜੀ

ਚੱਕ ਗ਼ਮਾਂ ਦੀ ਗਠੜੀ ਜਦ ਤੇਰੇ ਦਰ ਤੋਂ ਮੈਂ ਆਈ
ਹੱਸਿਆ ਖਿੜ-ਖਿੜ ਕਰਕੇ ਤੂੰ ਸੁਣੀ ਨਾ ਮੇਰੀ ਦੁਹਾਈ
ਪੜ੍ਹ ਕੇ ਦਾਸਤਾਂ ਜਦੋਂ ਗ਼ਮਾਂ ਦੀ ਤੈਨੂੰ ਬਾਰ-ਬਾਰ ਸੁਣਾਈ
ਹੱਸਿਆ ਫਿਰ ਤੂੰ ਖਿੜ-ਖਿੜ ਨਾਲੇ ਕੀਤੀ ਜੱਗ ਹਸਾਈ

ਭਿੱਜੀ ਗ਼ਮਾਂ ਵਿੱਚ ਦਰ ਤੇਰੇ ਕਦੀ ਵੇਖਾਂ ਸੱਜੇ-ਖੱਬੇ
ਲੈ-ਲੈ ਹੌਕਿਆਂ ਨੇ ਸਾਵਣ ਦੀ ਝੜੀ ਲਗਾਈ
ਕੀ ਖੱਟਿਆ ਲੜ ਲੱਗ ਕੇ ਤੇਰੇ ਨਾਲੇ ਢੇਰਾਂ ਸ਼ਰਾਫ਼ਤ ਕਰਕੇ
ਦੁਸ਼ਮਣਾਂ ਦੇ ਹਿੱਤ ਵਿੱਚ ਤੂੰ ਨਾ ਹੋਣ ਦਿੱਤੀ ਰੁਸਵਾਈ

ਅੱਖਾਂ ਵਿੱਚ ਤੇਰੇ ਘੱਟਾ ਪਾਕੇ ਜਿਹਨ੍ਹਾਂ ਆਪਣੀ ਇਜ਼ੱਤ ਬਚਾਈ
ਵੇਖ ਸ਼ਰਾਫ਼ਤ ਮੇਰੀ ਜਲਣ ਵਿੱਚ ਉਹਨ੍ਹਾਂ ਹੀ ਅੱਗ ਲਗਾਈ
ਕੀ ਕਹਾਂ ਹੁਣ ਦੁੱਖਾਂ ਵਿੱਚ ਜੀ ਮੇਰਾ ਨਹੀਉਂ ਲੱਗਦਾ
ਇਹਨ੍ਹਾਂ ਦੁੱਖਾਂ ਵਿੱਚ ਇਸ ਉਮਰ ਵਿੱਚ ਵੱਸ ਮੇਰਾ ਨਹੀਂ ਚਲਦਾ

ਡਰ ਲੱਗਦਾ ਕਿਤੇ ਟੁਰ ਨਾ ਜਾਵਾਂ, ਗਲਤ ਗਲੀ ਵਿੱਚ ਮੁੜ ਨਾ ਜਾਵਾਂ
ਓੜ ਕਫ਼ਨ ਕਿਤੇ ਮੌਤ ਦਾ ਆਪਣੀ ਦਹਿਲੀਜ਼ ਨਾ ਪਾਰ ਕਰ ਜਾਵਾਂ
ਹੋ ਗਿਆ ਕੋਈ ਕਸੂਰ ਜੇ ਮੈਥੋਂ ਪਲਟ ਕਦੀ ਨਾ ਵਾਪਸ ਆਵਾਂ
ਲੜ ਤੇਰੇ ਮੈਂ ਲੱਗੀ ਰਹਿਣਾ, ਭਾਵੇਂ ਤੂੰ ਨਹੀਂ ਮੇਰਾ ਦੁੱਖ ਵਟਾਣਾ

❋❋❋

# ਰੱਬ ਨੇ ਕਿਹਾ

ਹਾਰਕੇ ਰੱਬ ਲੱਗਾ ਕਹਿਣ ਸੁਣ ਲੈ ਬੀਬਾ
ਸਬਰ ਤੋੜ ਨਾ ਬੈਠੀ ਹੋ ਕੇ ਉਤਾਵਲੀ ਤੂੰ
ਤੇਰੇ ਵਰਗੇ ਲੱਖਾਂ ਬੈਠੇ ਦਰ ਤੇ ਮੇਰੇ
ਤਸੱਲੀ ਉਹਨਾਂ ਵੱਲ ਵੇਖਕੇ ਕਰ ਲੈ ਤੂੰ

ਨਾਨਕ ਦੁਖੀਆ ਹੈ ਸੱਭ ਸੰਸਾਰ ਬੀਬਾ
ਹਾਲ ਕਰ ਨਾ ਬੇਹਾਲ, ਐਨਾ ਸੋਚਕੇ ਤੂੰ
ਹੋਣਾ ਫਿਰ ਵੀ ਅੰਤ ਭਲੇ ਦਾ ਭਲਾ
ਕਰ ਲੈ ਵਕਤ ਦਾ ਹੋਰ ਇੰਤਜ਼ਾਰ ਤੂੰ

ਘਰ ਦੇਰ ਹੈ ਮੇਰੇ ਅੰਧੇਰ ਨਾ ਬੀਬਾ
ਇਸੇ ਦੇਰ ਦਾ ਸੋਚ ਦੀਵਾ ਜਗਾਉਂਦੀ ਰਹਿ
ਕਰਦੇ ਦੁਖੀ ਜੋ ਦਿਨੇ-ਰਾਤ ਤੈਨੂੰ
ਖਾਤਿਰ ਉਹਨ੍ਹਾਂ ਦੀਆਂ ਸੁੱਖਾਂ ਮਨਾਉਂਦੀ ਰਹਿ

ਦੁੱਖ ਸਾਨੂੰ ਵੀ ਹੈ ਦੁੱਖ ਵੇਖ ਤੇਰੇ
ਵੇਖੀਂ ਦੁੱਖਾਂ ਤੋਂ ਨਾ ਐਵੇਂ ਘਬਰਾ ਜਾਈਂ
ਦਿਆਂਗੇ ਸਜ਼ਾ ਅਸੀਂ ਉਹਨਾਂ ਜ਼ਾਲਿਮਾਂ ਨੂੰ
ਤਰਸ ਜ਼ਾਲਿਮਾਂ ਤੇ ਨਾ ਕਿਤੇ ਖਾ ਜਾਈਂ

ਸੁਣ ਕੇ ਬਿਰਖਾ ਮੇਰੀ ਰੱਬ ਨੂੰ ਤਰਸ ਹੈ ਆਇਆ
ਭਰ ਦਿੱਤੀ ਮੇਰੀ ਝੋਲੀ ਉਸਨੇ
ਸੋਹਣਾ ਕਰਮ........................ਕਮਾਇਆ
ਮੈਂ ਵੀ ਸੱਚੇ ਰੱਬ ਦੀ ਮਹਿਮਾ ਬਾਰ-ਬਾਰ ਫਿਰ ਗਾਈ
ਮੈਂ ਵੀ ਸੱਚੇ ਰੱਬ ਦੀ ਮਹਿਮਾ ਬਾਰ-ਬਾਰ ਫਿਰ ਗਾਈ

# ਰੱਬਾ

ਗੱਲਾਂ ਕਰਕੇ ਤੇਰੇ ਨਾਲ ਰੱਬਾ
ਦਿਲ ਆਪਣੇ ਨੂੰ ਤਸੱਲੀ ਦੇ ਰਹੀ ਹਾਂ
ਚਾਦਰ ਮੈਲੀ ਜੋ ਦੁਖੜਿਆਂ ਕੀਤੀ
ਅਜੇ ਤੀਕ ਨਾਲ ਹੰਝੂਆਂ ਧੋ ਰਹੀ ਹਾਂ

ਮੰਗਿਆ ਕੁੱਝ ਵੀ ਨਾ ਸੀ ਮੈਂ, ਤੈਥੋਂ
ਕਿਉਂ ਸੋਚ ਤੇਰੀ ਵਿੱਚ ਸੋਚਾਂ ਡੁੱਬ ਗਈ
ਦਿਨ ਕੱਢ ਦਿੱਤੇ ਮੈਂ ਸਹਿਕਦਿਆਂ
ਰਾਤਾਂ ਨੂੰ ਮੈਂ ਨਾ ਅਜੇ ਤੀਕ ਸੋਈ

ਜੋਤਾਂ ਜਗਦੀਆਂ ਜਿਸ ਦਰ ਤੇਰੇ ਨਾਮ ਦੀਆਂ
ਉਹਨਾਂ ਦਰਾਂ ਨਾ ਦੁੱਖਾਂ ਦਾ ਹਿਸਾਬ ਕੋਈ
ਜੱਗ ਚੰਦਰਾ ਹੱਸੇ ਦੇਖ ਮਜਬੂਰ ਮੈਨੂੰ
ਦਰਦ ਹੋਇਆ ਨਾ ਤੈਨੂੰ, ਵੇਖ ਜੱਗ ਹਸਾਈ ਮੇਰੀ

ਵਰ੍ਹ-ਵਰ੍ਹ ਕੇ ਦੁਖਾਂ ਦੇ ਬੱਦਲ ਜਾਂਦੇ ਰਹੇ
ਜਵਾਬ ਤੈਨੂੰ ਵੀ ਅਜੇ ਤੱਕ ਨਾ ਆਇਆ ਕੋਈ
ਥੱਕੀ ਪੂੰਝ-ਪੂੰਝ ਇਹਨ੍ਹਾਂ ਹੰਝੂਆਂ ਨੂੰ
ਅਜੇ ਤੀਕ ਨਾ ਲਈ ਤੂੰ ਮੇਰੀ ਸਾਰ ਕੋਈ

ਮੈਂ ਨਾਦਾਨ ਸੀ ਤੈਨੂੰ ਮੰਨਕੇ ਖ਼ੁਦਾ
ਦੁੱਖਾਂ ਤੋਂ ਛੁਟਕਾਰੇ ਦੀ ਉਮੀਦ ਲਗਾ ਬੈਠੀ
ਸੁਣਿਆ ਸੀ ਘਰ ਤੇਰੇ ਦੇਰ ਹੈ ਅੰਧੇਰ ਨਹੀਂ
ਇਸੇ ਆਸ ਤੇ ਸਾਲਾਂ ਗੁਜ਼ਾਰ ਬੈਠੀ

ਲੱਗਦੇ ਫਲ ਨੇ ਨੀਵੀਂ ਬੇਰੀ ਨੂੰ ਸੁਣਿਆ
ਦੁਸ਼ਮਣਾਂ ਨੀਵੀਂ ਬੇਰੀ ਦੇ ਬੇਰ ਵੀ ਚੂੰਡ ਦਿੱਤੇ
ਸੁਣਿਆ ਇਹ ਵੀ ਸੀ ਅੰਤ ਭਲੇ ਦਾ ਭਲਾ
ਭਲੇ ਦੁਸ਼ਮਣਾਂ ਦੇ ਹਿੱਤ 'ਚ ਤੂੰ ਕਰ ਦਿੱਤੇ

ਉਮੀਦ ਅਜੇ ਵੀ ਲਗਾ ਇਹੀ ਬੈਠੀ ਹਾਂ
ਸ਼ਾਇਦ ਉਮੀਦਾਂ ਦਾ ਦੀਵਾ ਕਿਤੇ ਜਗ ਜਾਏ
ਪੀ ਰਹੇ ਨੇ ਖ਼ੂਨ ਜੋ ਮੇਰੇ ਅਹਿਸਾਸਾਂ ਦਾ
ਅਹਿਸਾਸ ਮੇਰੇ ਦੁੱਖਾਂ ਦਾ ਉਹਨਾਂ ਨੂੰ ਜਗਾ ਜਾਏ

❁❁❁

# ਹਿਜਰ ਤੇਰੇ ਵਿੱਚ

ਹਿਜਰ ਤੇਰੇ ਵਿੱਚ ਪਿਆਸੀ ਸਜਨੀ
ਰੋ-ਰੋ ਨੀਰ ...............ਬਹਾਵੇ
ਇੱਕ ਰੰਗ ਆਏ ਉਸਦੇ ਹੁਸਨ ਤੇ
ਇੱਕ ਰੰਗ ਉੱਡ-ਉੱਡ ਜਾਵੇ
ਹਿਜਰ ਤੇਰੇ ਵਿੱਚ ਪਿਆਸੀ ਸਜਨੀ ਰੋ-ਰੋ ਨੀਰ ਬਹਾਵੇ

ਇਕੱਲੀ ਬੈਠੀ ਸੋਚ-ਸੋਚ ਕੇ ਦਿਲ ਉਸਦਾ ਘਬਰਾਵੇ
ਚਾਰੇ ਪਾਸੇ ਜਦ ਨਜ਼ਰ ਘਮਾਵੇ ਕੋਈ ਨਜ਼ਰ ਨਾ ਆਵੇ
ਕਿਸਨੂੰ ਸੁਣਾਵੇ ਦਾਸਤਾਂ ਆਪਣੀ
ਕੋਈ ਤੇ ਸੁਨਣਾ ਚਾਹਵੇ
ਹਿਜਰ ਤੇਰੇ ਵਿੱਚ ਪਿਆਸੀ ਸਜਨੀ ਰੋ-ਰੋ ਨੀਰ ਬਹਾਵੇ

ਗ਼ੈਰਾਂ ਦੀ ਦਹਿਲੀਜ਼ ਦੇ ਉੱਤੇ ਜਦ ਪੈਰ ਸੀ ਪਾਇਆ
ਕਰਕੇ ਮੁਹੱਬਤ ਉਸ ਨਾਲ ਦਿਲ ਬੜਾ ਘਬਰਾਇਆ
ਵੇਖਕੇ ਆਈਨਾ ਸੂਰਤ ਆਪਣੀ ਤੇ ਲੱਖ-ਲੱਖ ਲਾਹਨਤ ਪਾਵੇ
ਹਿਜਰ ਤੇਰੇ ਵਿੱਚ ਪਿਆਸੀ ਸਜਨੀ ਰੋ-ਰੋ ਨੀਰ ਬਹਾਵੇ

ਕੀ ਸਮਝਾਵੇ ਦਿਲ ਨੂੰ ਆਪਣੇ ਉਹ
ਜੋ ਭੋਰਾ ਵੀ ਸਮਝਨਾ ਨਾ ਚਾਹਵੇ
ਅੱਧੀ-ਅੱਧੀ ਰਾਤ ਨੂੰ ਡਰ ਨਾਲ ਉੱਠ ਕੇ
ਅੁਹਦਾ ਰੋਮ-ਰੋਮ ਕੰਬ ਜਾਵੇ
ਹਿਜਰ ਤੇਰੇ ਵਿੱਚ ਪਿਆਸੀ ਸਜਨੀ ਰੋ-ਰੋ ਨੀਰ ਬਹਾਵੇ

❁❁❁

# ਦੁੱਖਾਂ ਦੀ ਵਰਖਾ

ਦੁੱਖਾਂ ਦੇ ਵਿੱਚ ਘਿਰ ਗਈ ਮੈਂ ਦੁੱਖ ਕਿਸ ਕੋਲ ਫਰੋਲਾਂ
ਕੋਈ ਨਹੀਂ ਮੇਰਾ ਮਿੱਤਰ ਜੱਗ ਤੇ ਜਿਸਦੇ ਗੱਲ ਲੱਗ ਰੋਵਾਂ

ਇਕੱਲਿਆਂ ਬੈਠੀ ਸੋਚ-ਸੋਚ ਮੈਂ ਕਮਲਿਆਂ ਵਾਂਗੂ ਹੱਸਾਂ
ਦਰਦ-ਏ-ਦਿਲ ਦੀ ਦਾਸਤਾਨ ਮੈਂ ਕੌਣ ਹੈ ਜਿਸਨੂੰ ਦੱਸਾਂ

ਕੋਈ ਨਹੀਂ ਇਸ ਜੱਗ ਤੇ ਐਸਾ ਜੋ ਦੁੱਖਾਂ ਵਿੱਚ ਸਾਥ ਨਿਭਾਵੇ
ਜਿਸ ਨੂੰ ਵੀ ਮੈਂ ਆਪਣਾ ਸਮਝਾਂ ਉਹ ਹੀ ਵੈਰ ਕਮਾਵੇ

ਜਿੰਦ ਮਲੂਕ ਜਿਹੀ ਮੇਰੀ ਨੂੰ ਕਿਉਂ ਦੁੱਖ ਹਿਜਰਾਂ ਦੇ ਦਿੱਤੇ
ਕੀ ਵਿਗਾੜਿਆ ਸੀ ਮੈਂ ਤੇਰਾ ਬਦਲੇ 'ਚ ਤਸੀਹੇ ਦਿੱਤੇ

ਟੁੱਟੇ ਟਾਹਣੀ ਤੋਂ ਫੁੱਲ ਵਾਂਗੂ ਮੇਰੀ ਪੱਤੀ ਪੱਤੀ ਮੁਰਝਾ ਗਈ
ਐਸੀ ਹੋਈ ਦੁੱਖਾਂ ਦੀ ਵਰਖਾ ਮੈਂ ਵਿੱਚ ਬਹਾਰ ਕੁਮਲਾ ਗਈ

ਕੋਲ ਬਿਠਾ ਕੇ ਪਰਮਜੀਤ ਨੂੰ ਕੋਈ ਤਾਂ ਦੁੱਖ ਵੰਡਾਵੇ
ਮੈਂ ਵੀ ਆਖਾਂ ਮੇਰੇ ਵੀ ਕੋਈ ਸੁੱਤੇ ਭਾਗ ਜਗਾਵੇ

❁❁❁

# ਖ਼ਿਆਲ

ਕਦੀ ਤੂੰ ਅੱਗੇ-ਅੱਗੇ
ਕਦੀ ਤੂੰ ਪਿੱਛੇ-ਪਿੱਛੇ
ਕਦੀ ਮੈਂ ਅੱਗੇ-ਅੱਗੇ
ਕਦੀ ਮੈਂ ਪਿੱਛੇ-ਪਿੱਛੇ

ਕਦੀ ਤੂੰ ਰੁੱਕ-ਰੁੱਕ ਵੇਖੇਂ
ਕਦੀ ਮੈਂ ਟੁੱਕ-ਟੁੱਕ ਵੇਖਾਂ

ਕਦੀ ਤੇ ਪਿਆਰ ਦੀਆਂ ਗੱਲਾਂ
ਕਦੀ ਇਕਰਾਰ ਦੀਆਂ ਗੱਲਾਂ
ਕਦੀ ਇਨਕਾਰ ਦੀਆਂ ਗੱਲਾਂ

ਵਿਛੋੜਾ ਸਹਿ ਨਹੀਂ ਹੁੰਦਾ
ਤੈਨੂੰ ਕੁੱਝ ਕਹਿ ਨਹੀਂ ਹੁੰਦਾ

ਦਿਲ ਦੀਆਂ ਦਿਲ ਹੀ ਜਾਣੇ
ਕਿਉਂ ਨਾ ਮੈਨੂੰ ਪਹਿਚਾਣੇ

ਅਸਾਂ ਤੇਰੇ ਰੰਗ ਵਿੱਚ ਰੰਗਣਾ
ਲੈ ਫੜ ਲੈ ਪਾਲੈ ਕੰਗਣਾ

ਜੱਗ ਸੁੰਨਾ-ਸੁੰਨਾ ਲੱਗੇ
ਵੇਖਾਂ ਮੈਂ ਸੱਜੇ-ਖੱਬੇ

ਹਾਣੀ ਨੂੰ ਮਿਲਦੇ ਹਾਣੀ
ਦੂਰ ਸਾਥੋਂ ਨਾ ਜਾਂਵੀ

ਦਿਲ ਦੇ ਕੋਰੇ ਪੰਨੇ ਤੇ
ਪਿਆਰ ਦੀ ਲਿਖੀ ਕਹਾਣੀ

ਰੋਗ ਇਹ ਬੜਾ ਅਵਲੜਾਂ
ਵੈਦ ਦੀ ਸਮਝ ਨਾ ਆਵੇ

ਰਾਤਾਂ ਨੂੰ ਸਾਉਣ ਨਾ ਦਿੰਦਾ
ਚੈਨ ਦਿਨ ਨੂੰ ਨਾ ਆਵੇ

ਜੋ ਦਿਲ ਦਾ ਰੋਗੀ ਹੋਇਆ
ਉਸਨੇ ਤਾਂ ਸਭ ਕੁੱਝ ਖੋਇਆ

ਬਿਰਹਾ ਦੀ ਰਾਤ ਨੂੰ ਬੈਠਾ
ਗੀਤ ਹਿਜਰਾਂ ਦੇ ਗਾਵੇ

ਸਾਡੇ ਤੋਂ ਦੂਰ ਜਾਕੇ
ਕਰੀਂ ਨਾ ਝੂਠੇ ਵਾਅਦੇ

ਲੋਕਾਂ ਦਾ ਕੁੱਝ ਨਹੀਂ ਜਾਣਾ
ਲੁੱਟ ਜਾਊਂ ਦਿਨ ਵਿਹਾੜੇ
ਮਾਂ ਦਾ ਇਹ ਪੁੱਤ ਬੇਗਾਨਾ

ਦਿਲ ਨੂੰ ਕਿੰਨਾ ਸਮਝਾਇਆ
ਪਰ ਦਿਲ ਨੂੰ ਸਮਝ ਨਾ ਆਇਆ

ਪਿਆਰ ਦੀ ਠੋਕਰ ਖਾ ਕੇ
ਦਿਵਾਨਾ ਘਰ ਨੂੰ ਆਇਆ

ਪਿਆਰ ਜਿਸ ਨੇ ਵੀ ਪਾਇਆ
ਪਿਆਰ ਕਰਕੇ ਪਛਤਾਇਆ

❁❁❁

# ਬਲਾ ਦੀ ਖ਼ੂਬਸੂਰਤ

ਕਹਿਣਾ ਤੇਰਾ ਬਲਾ ਦੀ ਖ਼ੂਬਸੂਰਤ ਹੈ ਤੂੰ
ਸੁਣ ਕੇ ਆਪਣੇ 'ਤੇ ਮਾਣ ਜਿਹਾ ਹੋਣ ਲੱਗਾ

ਚੇਹਰੇ ਤੇਰੇ ਵੱਲ ਜਦੋਂ ਮੈਂ ਵੇਖਦੀ ਹਾਂ
ਮੇਰੇ ਨੈਣਾਂ 'ਚ ਸਰੂਰ ਜਿਹਾ ਆਣ ਲੱਗਾ

ਨਾਮ ਤੇਰਾ ਜੋ ਮੇਰੇ ਸੁਰਖ ਬੁੱਲ੍ਹਾਂ 'ਤੇ ਆਏ ਕਈ
ਚੇਹਰਾ ਮੇਰਾ ਵਾਂਗ ਗੁਲਾਬ ਮਹਿਕਾਉਣ ਲੱਗਾ

ਸੋਚਦੀ ਹਾਂ ਤੈਨੂੰ ਪਿਆਰ ਕਰਾਂ ਕਿ ਨਾ ਕਰਾਂ
ਮੇਰਾ ਦਿਲ ਤੈਨੂੰ ਅਪਨਾਉਣ ਲੱਗਾ

ਵੇਖੀਂ ਕਿਤੇ ਮੈਨੂੰ ਪਾ ਕੇ ਗਵਾ ਨਾ ਦੇਵੀਂ
ਮੇਰੀ ਕੋਮਲ ਜਿੰਦ ਨੂੰ ਕਿਧਰੇ ਦੁਖਾ ਨਾ ਦੇਵੀਂ

ਮੈਂ ਤੇਰੀ ਹਾਂ ਤੂੰ ਮੇਰਾ ਹੈਂ, ਅਸੀਂ ਦੋਵੇਂ ਇੱਕ ਹਾਂ
ਦਿਲ ਦਾ ਵੇਹੜਾ ਦੋਵਾਂ ਦਾ ਰੁਸ਼ਨਾਉਣ ਲੱਗਾ

❁❁❁

# ਬਹਾਨਾ ਢੂੰਡਦੀ ਹੈ

ਜਾਗਦੀ ਰਹੀ ਜੋ ਰਾਤਾਂ ਨੂੰ
ਸੋਣ ਦਾ ਬਹਾਨਾ ਢੂੰਡਦੀ ਹੈ

ਆਏ ਤੂੰ ਉਸ ਦੇ ਸਾਹਮਣੇ ਕਦੀਂ
ਰੁੱਸ ਜਾਣ ਦਾ ਬਹਾਨਾ ਢੂੰਡਦੀ ਹੈ

ਆਏ ਜੋ ਤੇਰਾ ਖ਼ਿਆਲ ਉਸਨੂੰ
ਭੁੱਲ ਜਾਣ ਦਾ ਬਹਾਨਾ ਢੂੰਡਦੀ ਹੈ

ਜੋ ਨਾ ਕਰ ਸਕੀ ਉਹ ਜ਼ਿੰਦਗੀ ਭਰ
ਉਹ ਕੁੱਝ ਕਰਨ ਦਾ ਬਹਾਨਾ ਢੂੰਡਦੀ ਹੈ

ਜੀਣ ਦੀ ਚਾਹਤ ਨਾ ਰਹੀ ਜਦ ਉਸਨੂੰ
ਫਿਰ ਉਹ ਜੀਣ ਦਾ ਬਹਾਨਾ ਢੂੰਡਦੀ ਹੈ

ਆ ਜਾ ਤੇਰੀ ਦੀਦ ਦੀ ਖ਼ਾਤਿਰ ਉਹ
ਖ਼ੁਦ ਵਿੱਚ ਸਮਾ ਜਾਣ ਦਾ ਬਹਾਨਾ ਢੂੰਡਦੀ ਹੈ

ਭਾਵੇਂ ਸੁੱਖਾਂ ਦੁੱਖਾਂ ਦੀ ਹੋਵੇ ਬਰਸਾਤ
ਉਹ ਤੇਰੇ ਨੈਣਾਂ 'ਚੋਂ ਪੀਣ ਦਾ ਬਹਾਨਾ ਢੂੰਡਦੀ ਹੈ

❁❁❁

# ਪਿਆਰ ਦੀ ਕਿਸ਼ਤੀ

ਅੱਖਾਂ ਤੇਰੀਆਂ ਵੱਲ ਜਦੋਂ ਵੇਖਦੀ ਸੀ
ਅੱਖ ਨਾਲ ਸ਼ਰਮ ਉਹਦੀ ਝੁੱਕ ਜਾਂਦੀ

ਜਦੋਂ ਚਾਹੁੰਦੀ ਉਹ ਦਿਲ ਦੀ ਗੱਲ ਕਰਨੀ
ਤੇਰੇ ਪਿਆਰ ਦੀ ਖ਼ੁਮਾਰੀ ਵਿੱਚ ਭੁੱਲ ਜਾਂਦੀ

ਤੇਰੇ ਨੈਣਾਂ ਚੋਂ ਡੱਲ੍ਹਦਾ ਸ਼ਬਾਬ ਵੇਖਕੇ
ਖ਼ਿਆਲਾਂ ਵਿੱਚ ਉਹ ਤੈਨੂੰ ਚੁੱਮ ਜਾਂਦੀ

ਜਦੋਂ ਕਰੇ ਤੂੰ ਗੱਲ ਕੋਈ ਇਸ਼ਕ ਵਾਲੀ
ਇਸ਼ਕ ਤੇਰੇ ਉੱਤੇ ਉਹ ਡੁੱਲ ਜਾਂਦੀ

ਨਾ ਕਰ ਤੂੰ ਐਨਾ ਪਿਆਰ ਉਹ ਨੂੰ
ਕਿਤੇ ਆਪਣੀ ਰਾਹ ਨਾ ਉਹ ਭੁੱਲ ਜਾਵੇ

ਤੇਰੇ ਪਿਆਰ ਦੀ ਕਿਸ਼ਤੀ 'ਚ ਸਵਾਰ ਹੋ ਕੇ
ਕਿਤੇ ਕਿਸ਼ਤੀ ਸਮੇਤ ਨਾ ਉਹ ਡੁੱਬ ਜਾਵੇ

❁❁❁

# ਅੱਗ ਦੇ ਕਲੀਰੇ

ਪਾ ਦਿਓ ਨੀ ਸਾਨੂੰ ਅੱਗ ਦੇ ਕਲੀਰੇ
ਉੱਤੇ ਜ਼ਰੀ ਦਾ ਕਫ਼ਨ ਦਿਓ ਓੜਨ ਨੂੰ
ਲੈ ਚੱਲੋ ਸਾਨੂੰ ਮੋਢਿਆਂ ਤੇ ਚੁੱਕਕੇ
ਲੈ ਚੱਲੋ ਸਾਨੂੰ ਮੋਢਿਆਂ ਤੇ ਚੁੱਕ ''ਲਵੋ''
ਪੰਜ ਸੱਤ ਨਾਰੀਅਲ ਫੋੜਨ ਨੂੰ
ਪਾ ਦਿਉ ਨੀ ਸਾਨੂੰ ਅੱਗ ਦੇ ਕਲੀਰੇ
ਉੱਤੇ ਜ਼ਰੀ ਦਾ ਕਫ਼ਨ ਦਿਓ ਓੜਨ ਨੂੰ

ਚੰਦਨ ਦੀ ਸਾਡੀ ਸੇਜ ਸਜਾ ਦਿਓ
ਹੋਲੀ ਜਿਹੀ ਉਸ ਤੇ ਲਿਟਾ ਦਿਓ ਸਾਨੂੰ
ਬਾਲਕੇ ਤੀਲੀ ਲਗਾ ਦਿਓ ਲਾਂਬੂ
ਬਾਲਕੇ ਤੀਲੀ ਲਗਾ ਦਿਓ ਲਾਂਬੂ
ਬੇਬੇ ਬਾਪੂ ਨੂੰ ਕਹੋ ਅੱਗ ਸੇਕਨ ਨੂੰ
ਪਾ ਦਿਓ ਨੀ ਸਾਨੂੰ ਅੱਗ ਦੇ ਕਲੀਰੇ
ਉੱਤੇ ਜ਼ਰੀ ਦਾ ਕਫ਼ਨ ਦਿਓ ਓੜਨ ਨੂੰ

ਅੱਗ 'ਚ ਜਵਾਨੀ ਸਾਡੀ ਇੰਜ ਪਈ ਮੱਘਦੀ
ਹਿਜਰਾਂ ਦੀ ਭੱਠੀ 'ਚ ਜਿਵੇਂ ਮਘੇ ਤਲਵਾਰ ਨੀ
ਚੁਣ ਲਵੋ ਸਾਡੇ ਫੁੱਲ ਸੱਧਰਾਂ ਦੇ
ਚੁਣ ਲਵੋ ਸਾਡੇ ਫੁੱਲ ਸੱਧਰਾਂ ਦੇ
ਪਾਕੇ ਕੁੱਜੇ ਵਿੱਚ ਰੱਖ ਲਵੋ ਰੋੜ੍ਹਨ ਨੂੰ
ਪਾ ਦਿਓ ਨੀ ਸਾਨੂੰ ਅੱਗ ਦੇ ਕਲੀਰੇ
ਉੱਤੇ ਜ਼ਰੀ ਦਾ ਕਫ਼ਨ ਦਿਓ ਓੜਨ ਨੂੰ

❁❁❁

# ਜਨਮ

ਜਨਮ ਮੈਨੂੰ ਮਾਂ ਕਿਉਂ ਤੂੰ ਦਿੱਤਾ
ਕਿਉਂ ਦੁਨੀਆਂ ਦਾ ਮੂੰਹ ਮੈਂ ਡਿੱਠਾ

ਕਿਉਂ ਨਾ ਮੈਂ ਜੰਮਦੀ ਹੀ ਮਰ ਗਈ
ਕਿਉਂ ਨਾ ਮੈਂ ਅਗਨੀ ਵਿੱਚ ਜਲ ਗਈ

ਬਚਪਨ ਵਿੱਚ ਤਾਂ ਹੋਸ਼ ਨਹੀਂ ਸੀ
ਜਵਾਨੀ ਦਾ ਵੀ ਕੋਈ ਜੋਸ਼ ਨਹੀਂ ਸੀ

ਜ਼ਿੰਦਗੀ ਜੀਣ ਦਾ ਮਜ਼ਾ ਨਾ ਆਇਆ
ਬਦਲੇ ਪਿਆਰ ਦੇ ਪਿਆਰ ਨਾ ਪਾਇਆ

ਜੀਵਨ ਤੋਂ ਨਫ਼ਰਤ ਜਿਹੀ ਹੋ ਗਈ
ਜਿੰਦਾ ਰਹਿਣ ਦੀ ਆਸ ਵੀ ਖੋ ਗਈ

ਦਿਲ ਕਰਦਾ ਕਿਉਂ ਨਾ ਮਰ ਜਾਵਾਂ
ਸੁਖੀ ਸਾਰਿਆਂ ਨੂੰ ਮੈਂ ਕਰ ਜਾਵਾਂ

ਲਾਹਨਤ ਜੋ ਹਰ ਵੇਲੇ ਪਾਉਂਦੇ
ਨਾ ਬੇਸ਼ਰਮੀ ਤੋਂ ਘਬਰਾਉਂਦੇ

ਤਿੱਖੇ ਤੀਰ ਵਫ਼ਾ ਦੇ ਚਲਾ ਕੇ
ਜ਼ਖ਼ਮ ਮੇਰੇ ਹਿਰਦੇ ਤੇ ਲਗਾ ਕੇ

ਮੈਲ ਦੁਨੀਆਂ ਦੀ ਸਾਰੀ ਖਾ ਕੇ
ਮਜਬੂਰਾਂ ਦੇ ਜਿਸਮ ਹੰਡਾ ਕੇ

ਔਰਤ ਆਪਣੀ ਤੇ ਲਾਸ਼ਨ ਲਗਾ ਕੇ
ਬੇਸ਼ਰਮਾ ਦੇ ਵਾਂਗ ਮੁਸਕਾਉਂਦੇ

ਖਾ ਕੇ ਮਾਸ ਸ਼ੇਰਨੀ ਦਾ ਇਹ
ਦਾਅਵਾ ਸ਼ੇਰ ਬਣਨ ਦਾ ਕਰਦੇ

ਜਿਸਮਾਂ ਦੀ ਅਯਾਸ਼ੀ ਕਰਕੇ
ਢੋਂਗ ਇਹ ਮਰਦ ਬਣਨ ਦਾ ਕਰਦੇ

ਜੋ ਨਾ ਔਰਤ ਪਰਸਤੀ ਕਰਦੇ
ਕੀ ਉਹ ਮਰਦ ਨਹੀਂ ਬਣ ਸਕਦੇ

ਹੁਣ ਜ਼ਿੰਦਗੀ ਇਹ ਮੇਰੀ ਜ਼ਿੰਦਗੀ
ਇਸ ਲਈ ਮੈਂ ਖ਼ੁਦ ਜੀਆਂਗੀ

ਜੀ ਨਾ ਸਕੀ ਗਰ ਜ਼ਿੰਦਗੀ ਤਾਂ ਫਿਰ
ਇਸ ਜ਼ਿੰਦਗੀ ਲਈ ਖ਼ੁਦ ਮਰਾਂਗੀ

❁❁❁

# ਕਿਸਮਤ ਦਾ ਤਾਰਾ

ਦੁੱਖਾਂ ਦੇ ਲੜ ਲੱਗ ਕੇ ਉਸ ਨੇ ਉਮਰ ਗੁਜ਼ਾਰੀ ਸਾਰੀ
ਕਿਉਂ ਹੁਣ ਆਪਣਾ ਬੋਝ ਵੀ, ਲੱਗਣ ਲੱਗ ਪਿਆ ਭਾਰੀ

ਰਾਤ ਚਾਨਣੀ ਦੇ ਵਿੱਚ ਬੈਠੀ, ਜਦ ਤਾਰਿਆਂ ਵੱਲ ਉਹ ਤੱਕੇ
ਕਿਸਮਤ ਆਪਣੀ ਦਾ ਤਾਰਾ ਵੇਖ ਉਹ ਕਮਲਿਆਂ ਵਾਂਗੂ ਹੱਸੇ

ਔਹ ਵੇਖੋ ਨੀ ਸਈਓ ਮੇਰੀ, ਕਿਸਮਤ ਦਾ ਟੁੱਟਿਆ ਤਾਰਾ
ਰੋਵੇ ਪਿਆ ਮੇਰੇ ਕਰਮਾਂ ਨੂੰ ਇਹ ਬਦ-ਨਸੀਬੀ ਦਾ ਮਾਰਾ

ਰਾਤ ਹਨੇਰੀ ਮੱਸਿਆ ਦੀ ਜਦੋਂ ਘੂਰ-ਘੂਰ ਕੇ ਵੇਖੇ
ਦਿਲ ਹਚਕੋਲੇ ਖਾਵੇ ਉਸਦਾ ਜਦੋਂ ਵੱਲ ਹਨੇਰੇ ਵੇਖੇ

❁❁❁

# ਗੀਤ

ਲੜਕਾ:- ਗੁੱਸਾ ਕਰਿਆ ਨਾ ਕਰ ਤੂੰ ਕੁੜੀਏ
ਇਹ ਰੋਗ ਮੁਹੱਬਤਾਂ............ਦਾ
ਅਸਾਂ ਨਾਲ ਤੇਰੇ ਹੈ ਹੰਢਾਣਾ
ਇਹ ਰੋਗ ਮੁਹੱਬਤਾਂ............ਦਾ

ਲੜਕਾ:- ਰੋਗ ਮੁਹੱਬਤਾਂ ਦਾ ਜਿਸ ਨੂੰ ਵੀ ਲੱਗਿਆ
ਬਿਸਤਰ ਪਰਾਲੀ ਦਾ ਵੀ ਮਖਮਲੀ ਲੱਗਿਆ
ਸੋ ਜਾ ਸਮਝ ਤੂੰ ਵੱਟ ਨੂੰ ਸਰਾਹਣਾ
ਇਹ ਰੋਗ ਮੁਹੱਬਤਾਂ............ਦਾ

ਲੜਕੀ:- ਮਤਲਬ ਮੁਹੱਬਤਾਂ ਦਾ ਤੂੰ ਜੋ ਸਾਨੂੰ ਦੱਸਿਆ
ਬਿਸਤਰ ਪਰਾਲੀ ਦੇ ਨੂੰ ਮਖਮਲੀ ਦੱਸਿਆ
ਸਮਝ ਵੱਟ ਨੂੰ ਸਗ੍ਹਣਾ ਮੈਂ ਨਹੀਂ ਸੋਣਾ
ਇਹ ਰੋਗ ਮੁਹੱਬਤਾਂ............ਦਾ
ਅਸਾਂ ਆਪਣੇ ਆਪ ਨੂੰ ਨਹੀਂ ਲਗਾਣਾ
ਇਹ ਰੋਗ ਮੁਹੱਬਤਾਂ............ਦਾ

ਲੜਕਾ:- ਚੂਪਦੀ ਜਦੋਂ ਤੂੰ ਗੰਨਾ ਕੋਲੋਂ ਲੰਘ ਜਾਂਦੀ ਏ
ਵੇਖ ਜਦੋਂ ਤੂੰ ਸਾਨੂੰ ਮੱਥੇ ਵੱਟ ਪਾਉਂਦੀ ਏ
ਸਾਡਾ ਦਿਲ ਧੱਕ-ਧੱਕ ਪਿਆਰ ਕਰਦਾ
ਇਹ ਰੋਗ ਮੁਹੱਬਤਾਂ ਦਾ............

ਲੜਕੀ:- ਰੋਗ ਮੁਹੱਬਤਾਂ ਦਾ ਜਿਸ ਨੂੰ ਵੀ ਲੱਗਿਆ
ਜ਼ਿੰਦਗੀ ਉਹਦੀ ਨੂੰ ਨਾਗ ਬਣ ਉਹਨੇ ਡੰਗਿਆ
ਜ਼ਹਿਰ ਨਾਗ ਦਾ ਨਾ ਦਿਲ ਨੂੰ ਪਿਲਾਉਣਾ
ਇਹ ਰੋਗ ਮੁਹੱਬਤਾਂ ਦਾ............
ਅਸਾਂ ਆਪਣੇ ਆਪ ਨੂੰ ਨਹੀਂ ਲਗਾਉਣਾ
ਇਹ ਰੋਗ ਮੁਹੱਬਤਾਂ ਦਾ............

ਲੜਕਾ:- ਸਖੀਆਂ ਦੇ ਨਾਲ ਖੇਲੇਂ ਕੋਟਲਾ-ਛਪਾਕੀ ਨੀ
ਸਾਨੂੰ ਵੇਖ ਕਰ ਲੈਨੀ ਏਂ ਤੂੰ ਤਾਕੀ ਬੰਦ ਨੀ
ਤਾਕੀ ਖੋਲ ਦੇ ਤੂੰ ਦਿਲ ਆਪਣੇ ਦੀ
ਇਹ ਰੋਗ ਮੁਹੱਬਤਾਂ ਦਾ............

ਲੜਕੀ:- ਦਿਲ ਆਪਣੇ ਨੂੰ ਬੜੇ ਪਿਆਰ ਨਾਲ ਰੱਖਿਆ
ਪੀਕੇ ਕੱਚਾ ਦੁੱਧ ਇਹਦਾ ਰੋਮ-ਰੋਮ ਪੱਕਿਆ
ਕਦਮਾਂ.........'ਚ ਤੇਰੇ ਵਰਗੇ ਹਜ਼ਾਰਾਂ
ਇਹ ਰੋਗ ਮੁਹੱਬਤਾਂ ਦਾ............
ਅਸਾਂ ਆਪਣੇ ਆਪ ਨੂੰ ਨਹੀਂ ਲਾਉਣਾ
ਇਹ ਰੋਗ ਮੁਹੱਬਤਾਂ ਦਾ............

❁❁❁

# ਗੀਤ

ਅੱਖ ਰੱਖ ਨਾ ਕਿਸੇ ਤੇ ਕਦੀ ਭੈੜੀ ਅੱਖ ਵੇ
ਕਿਤੇ ਪੈ ਨਾ ਜਾਵੇ ਤੇਰੀ ਅੱਖ ਵਿੱਚ ਕੱਖ ਵੇ

ਨਾ ਨੂੰ ਗੱਡੀਆਂ 'ਚ ਜਾਵੇਂ ਬੜੇ ਠਾਠ ਬਾਠ ਨਾਲ
ਆਸੇ-ਪਾਸੇ ਝਾਕਨੋ ਨਾ ਰਹਿੰਦਾ ਆਸ਼ਕ ਮਜਾਜ਼
ਨਾ ਆਉਂਦੇ ਜਾਂਦੇ ਹੁਸਨਾ ਨੂੰ ਘੂਰ-ਘੂਰ ਤੱਕ ਵੇ
ਕਿਤੇ ਪੈ ਨਾ ਜਾਵੇ ਤੇਰੀ ਅੱਖ ਵਿੱਚ ਕੱਖ ਵੇ
ਅੱਖ ਰੱਖ ਨਾ......................

ਮਾਰਕੇ ਠਹਾਕਾ ਜਦੋਂ ਹੱਸਿਆ ਹੁਸਨ
ਰੰਗ ਗੱਲਾਂ ਦਾ ਤਾਂ ਸੱਜਰੀ ਸਵੇਰ ਹੋ ਗਿਆ
ਬਲ ਖਾਂਦੀ ਅੱਥਰੀ ਜਵਾਨੀ ਦੇ ਕਲੋਲ
ਵੇਖ ਐਵੇਂ ਜੱਗ ਚੰਦਰਾ ਸ਼ਦਾਈ ਹੋ ਗਿਆ
ਅੱਖ ਰੱਖ ਨਾ..................

ਇਹਨਾਂ ਹੁਸਣਾ ਦੀ ਹੁੰਦੀ ਹਰ ਵੇਲੇ ਬੱਲੇ-ਬੱਲੇ
ਰਹੀਂ ਦੂਰ-ਦੂਰ ਕਿਤੇ ਆ ਨਾ ਜਾਵੀਂ ਥੱਲੇ
ਜਿਸ ਖ਼ੁਦਾ ਨੇ ਗੁਫ਼ਾ ਦੇ ਵਿੱਚ ਬਹਿਕੇ ਘੜਿਆ
ਉਸ ਖ਼ੁਦਾ ਕੋਲੋਂ ਬੱਚ-ਬੱਚ ਅੜਿਆ
ਅੱਖ ਰੱਖ ਨਾ..................

ਕਦੀ ਦੂਰੋਂ ਦੂਰੋਂ ਤੱਕਦਾ ਮਖੌਲ ਕਰਦਾ
ਕਦੀ ਆਕੇ ਭੈੜਾ ਇਹ ਕਲੋਲ ਕਰਦਾ
ਕਦੀ ਵੇਖ ਦੂਰੋਂ ਸੋਹਣਿਆਂ ਦੇ ਰੰਗ ਦੱਸਦਾ
ਅੱਖਾਂ ਭੈੜੀਆਂ ਦੇ ਨਾਲ ਘੂਰ-ਘੂਰ ਤੱਕਦਾ
ਅੱਖ ਰੱਖ ਨਾ..................

ਅੱਖ ਰੱਖ ਨਾ ਕਿਸੇ ਤੇ ਕਦੀ ਭੈੜੀ ਅੱਖ ਵੇ
ਕਿਤੇ ਪੈ ਨਾ ਜਾਵੇ ਤੇਰੀ ਅੱਖ ਵਿੱਚ ਕੱਖ ਵੇ
ਅੱਖ ਰੱਖ ਨਾ..................

❁❁❁

# ਉਸ ਦਾ ਸੂਰਜ

ਸੂਰਜ ਸ਼ਾਮ ਨੂੰ ਢਲਦਾ ਜਾਂਦਾ
ਡਰ ਉਹਦੇ ਦਿਲ ਦਾ ਵਧਦਾ ਜਾਂਦਾ

ਰਾਤਾਂ ਨੂੰ ਉਹਨੂੰ ਨੀਂਦ ਨਾ ਆਵੇ
ਬਦਲ ਕਰਵਟਾਂ ਉਹ ਥੱਕ ਜਾਂਦਾ

ਜੋ ਘਰ ਉਸਦਾ ਰਹਿਣ ਬਸੇਰਾ
ਉਹ ਘਰ ਉਸਨੂੰ ਖਾਣ ਨੂੰ ਆਵੇ

ਛੱਡ ਬਸੇਰਾ ਜਦੋਂ ਬਾਹਰ ਜਾਵੇ
ਪੀ ਸ਼ਰਾਬ ਸਿਗਰੇਟ ਸੁਲਘਾਵੇ

ਲੈ-ਲੈ ਸੂਟੇ ਧੁਏਂ ਦੇ ਫਿਰ
ਡੂੰਘੀਆਂ ਸੋਚਾਂ ਵਿੱਚ ਖੋ ਜਾਵੇ

ਸਫ਼ਰ ਜ਼ਿੰਦਗੀ ਦਾ ਇਹ ਹੈ ਕੈਸਾ
ਤਿਲ-ਤਿਲ ਕਰਕੇ ਗੁਜ਼ਰ ਰਿਹਾ ਹੈ

ਰੰਗ ਚੜ੍ਹਿਆ ਸੀ ਜੋ ਉਸ ਦੇ ਪਿਆਰ ਦਾ
ਹੌਲੇ ਹੌਲੇ ਉਤਰ ਰਿਹਾ ਹੈ

❁❁❁

# ਲਾਜ

ਛੁਪਾਕੇ ਪਿਆਰ ਆਪਣੇ ਨੂੰ ਰੱਖ ਲੈ ਨੀ ਸੋਹਣੀਏ
ਜੱਗ ਚੰਦਰੇ ਤੋਂ ਕਿਤੇ ਨਜ਼ਰਾਂ ਲਗਾ ਨਾ ਬੈਠੀਂ

ਉੱਲੂ ਵਾਂਗ ਡੇਲੇ ਟੱਡੀ ਬੈਠਾ ਸੁਭਾ ਸ਼ਾਮ ਜਿਹੜਾ
ਨਜ਼ਰਾਂ ਉਹਦੀਆਂ ਤੋਂ ਪਿਆਰ ਆਪਣਾ ਬਚਾਕੇ ਰੱਖੀਂ

ਮਿਲਣ ਮਹੀਵਾਲ ਨੂੰ ਤੂੰ ਜਾਵੇਂ ਜਦੋਂ ਸੋਹਣੀਏ
ਜਾਂਦੀ-ਜਾਂਦੀ ਪੈੜ ਆਪਣੀ ਨੂੰ ਵੀ ਮਿਟਾ ਕੇ ਰੱਖੀਂ

ਜੱਗ ਉੱਤੇ ਪਿਆਰ ਦਾ ਮਿੱਤਰ ਨਾ ਪਿਆਰਾ ਕੋਈ
ਇਹਦੀ ਪਰਛਾਈ ਤੋਂ ਵੀ ਖ਼ੁਦ ਨੂੰ ਬਚਾ ਕੇ ਰੱਖੀਂ

ਲੱਗੀ ਵਾਲੇ ਕਦੀ ਪਿੱਛੇ ਮੁੜਕੇ ਨਾ ਵੇਖਦੇ ਨੀ
ਪਾਇਆ ਜੇ ਪਿਆਰ 'ਲਾਜ' ਪਿਆਰ ਆਪਣੇ ਦੀ ਰੱਖੀਂ

❁❁❁

# ਬੇਆਸਾਂ ਦੇ ਦੀਪ

ਨਿਪੁੰਸਕਤਾ ਵਾਂਗ ਜ਼ਿੰਦਗੀ
ਨਾਮਰਦੀ ਦਾ ਪਹਿਣ ਕੇ ਚੌਲਾ
ਉਮੀਦ ਦੇ ਡੂੰਘੇ ਸਾਗਰ ਉੱਤੇ
ਬੇਆਸਾਂ ਦੇ ਦੀਪ ਜਲਾਕੇ
ਆਸ ਲਗਾਈ ਝੁਜ ਰਹੀ ਹੈ

ਸ਼ਰਮ ਦਾ ਅਹਿਸਾਸ ਘੱਟ ਨਹੀਂ
ਉਮਰਾਂ ਦੀ ਦਹਿਲੀਜ਼ ਤੇ ਬੈਠੀ
ਆਟੇ ਵਾਂਗ ਚੱਕੀ ਵਿੱਚ ਪਿੱਸਕੇ
ਬੇਅਹਿਸਾਸੇ ਨੂੰ ਹੱਸਦਾ ਵੇਖ ਵੀ
ਮੱਥੇ ਗ਼ਮ ਦਾ ਵੱਟ ਨਹੀਂ ਹੈ

ਦਹਿਕਦੀ ਕਾਇਆ
ਰੰਗ ਗ਼ੁਲਾਬੀ
ਬਿਖ਼ਰੇ-ਬਿਖ਼ਰੇ ਵਾਲ ਸੁਨਿਹਰੀ
ਹੁਸਨ ਦੇ ਕੋਰੇ ਪੰਨੇ ਉੱਤੇ
ਕਾਲੇ ਰੰਗ ਦੀ ਮੋਹਰ ਲਗਾਕੇ
ਕਫ਼ਨ ਰੇਸ਼ਮੀ ਓੜ ਜਫ਼ਾ ਦਾ
ਛੁੱਪ ਗਿਆ ਗ਼ੈਰ ਦੀ ਬੁੱਕਲ ਜਾਕੇ

ਜ਼ਾਤ ਉਹਦੀ ਦਾ ਮੋਲ ਨਾ ਕੋਈ
ਭਾਵੇਂ ਉਹ ਅਨਮੋਲ ਨਾ ਕੋਈ
ਰੱਬ ਨਾਲ ਗੱਲਾਂ ਕਰਦੀ ਰਹਿੰਦੀ
ਅੱਧੀ ਜਾਗੀ ਅੱਧੀ ਸੋਈ
ਵੇਖ ਹੁਸਨ ਦੀ ਕੀ ਗੱਤ ਹੋਈ
ਵੇਖ ਹੁਸਨ ਦੀ ਕੀ ਗੱਤ ਹੋਈ

❁❁❁

# ਪੰਖ

ਦਿਲ ਕਰਦਾ ਮੇਰਾ ਲਾਕੇ ਪੰਖ
ਦੂਰ ਕਿਤੇ ਉੱਡ.........ਜਾਵਾਂ

ਫੁੱਲਾਂ ਦੀ ਉੱਥੇ ਹੋਵੇ ਬਸਤੀ
ਪਰੀਦੇਸ ਵਿੱਚ ਮੇਰਾ ਟਿਕਾਣਾ

ਠੰਡੀਆਂ ਠੰਡੀਆਂ ਚੱਲਣ ਹਵਾਵਾਂ
ਹੋਣ ਬੱਦਲਾਂ ਦੀਆਂ ਛਾਵਾਂ

ਗਲ ਵਿੱਚ ਪਾ ਕੇ ਹਾਰ ਹੰਝੂਆਂ ਦਾ
ਗੀਤ ਹਿਜਰ ਦੇ ਗਾਵਾਂ

ਫੂਕ ਕੇ ਜੋਗੀ ਵਾਲਾ ਮੰਤਰ
ਤੈਨੂੰ ਖੋਲ ਪਟਾਰੀ ਵਿੱਚ ਪਾਵਾਂ

ਚੱਖ ਪਟਾਰੀ ਪਿਆਰ ਆਪਣੇ ਦੀ
ਪਾਰ ਸਮੁੰਦਰ ਕਰ ਜਾਵਾਂ

ਹੰਭ ਜਾਣ ਤੈਨੂੰ ਢੂੰਡਣ ਵਾਲੇ
ਤੇਰਾ ਕਿਤੋਂ ਨਾ ਮਿਲੇ ਸਰਨਾਵਾਂ

❁❁❁

# ਤੇਰਾ ਕੱਲ

ਰਾਤ ਗੁਜ਼ਰਦੀ ਵਿੱਚ ਗ਼ਮਾਂ ਦੇ ਹੁੰਗਦਿਆਂ
ਦਿਨ ਗੁਜ਼ਰ ਜਾਂਦਾ ਤਨਹਾਈ ਵਿੱਚ ਊਂਗਦਿਆਂ

ਗ਼ਮ ਵਿੱਚ ਭਿੱਜੀ ਬਦਲ ਕਰਵਟਾਂ ਰਾਤ ਗੁਜਾਰੂੰ
ਦਿਨ ਵਿੱਚ ਤਨਹਾ ਬੈਠੀ ਗੀਤ ਹਿਜਰ ਦੇ ਗਾਊਂ

ਪਾ-ਪਾ ਆਉਂਸੀਆਂ ਗੁਜ਼ਰ ਜਾਂਦੇ ਇੰਤਜ਼ਾਰ ਦੇ ਲੰਮੇਂ ਪਲ
ਪਲ ਗੁਜ਼ਰਦੇ ਗੁਜ਼ਰ ਗਏ, ਆਇਆ ਨਾ 'ਤੇਰਾ ਕੱਲ'

❁❁❁

# ਸੱਭ ਜੰਨ

ਰੱਬਾ ਗ਼ਰੀਬਾਂ ਨਾਲ ਤੂੰ ਕਾਣੀ ਕੀਤੀ ਵੰਡ
ਅਮੀਰੀ ਹੱਸ-ਹੱਸ ਖਾਂਦੀ ਪਿੰਨੀਆਂ
ਗ਼ਰੀਬੀ ਦੇ ਬੂਹੇ ਘਿਉ ਨਾ ਖੰਡ

ਮਾਂ ਰੋਵੇ ਮਾਰ ਦੁਹੱਥੜਾਂ
ਭੁੱਖੇ ਵੇਖਕੇ ਧੀਆਂ ਪੁੱਤਰਾਂ
ਠੰਡ ਵਿੱਚ ਗ਼ਰੀਬੀ ਕੰਬਦੀ
ਨੂੰ ਵੇਖ ਨਾ ਪਿਘਲੇ ਹੰਮ

ਜਿਨ੍ਹਾਂ ਨੂੰ ਰੱਬ ਨੇ ਦਿੱਤਾ ਰੱਜ ਕੇ
ਉਹ ਨਾ ਆਏ ਅਗਿਉਂ ਭੱਜ ਕੇ
ਬੁੱਕਲ 'ਚ ਗ਼ਰੀਬੀ ਰੋਂਵਦੀ
ਦੇ ਹੰਝੂ ਵੀ ਗਏ ਥੰਮ

ਦੁੱਧ ਲਈ ਵਿਲਕਦੇ ਬੱਚਿਆਂ ਦਾ
ਸੁੱਕਿਆ ਹੱਡਾਂ ਦਾ ਚੰਮ
ਤੰਨ ਉੱਤੇ ਲੀਰਾਂ ਸੱਜੀਆਂ
ਮੈਂ ਵੇਖ ਰਹਿ ਜਾਂਦੀ ਦੰਗ

ਇਹ ਇੱਕ ਅਕੇਲੇ ਦੇ ਵੱਸ ਨਹੀਂ
''ਸੱਭ ਜੰਨ'' ਦਾ ਚਾਹੀਦਾ ਸੰਗ
ਫਿਰ ਵੇਖ ਗ਼ਰੀਬੀ ਭੱਜਦੀ
ਸੱਭ ਰਹਿ ਜਾਣਗੇ ਦੰਗ

❁❁❁

# ਧੀ

ਜੰਮਦੀ ਧੀ ਨੂੰ ਚੁੱਲੇ ਵਿੱਚ ਪਾ ਦਿੱਤਾ
ਇਹ ਨਾ ਪੁੱਛਿਆ ਤੂੰ ਕੌਣ ਹੈਂ
ਉਸਦੀਆਂ ਚੀਕਾਂ ਨੇ ਅੰਬਰ ਹਿਲਾ ਦਿੱਤਾ
ਇਹ ਨਾ ਪੁੱਛਿਆ ਤੂੰ ਕੌਣ ਹੈਂ

ਸੁਣਕੇ ਤਾਰਿਆਂ ਚੀਕਾਂ ਵੈਣ ਪਾਏ
ਤੇਜ਼ ਹਵਾਵਾਂ ਨੇ ਕੀਤੀ ਹਾਏ-ਹਾਏ
ਸਿੰਘਾਸ਼ਨ ਪ੍ਰਕ੍ਰਿਤੀ ਦਾ ਡਾਵਾਂ ਡੋਲ ਹੋਇਆ
ਹੌਕੇ ਲੈ-ਲੈ ਸਾਰਾ ਆਲਮ ਰੋਇਆ
ਫਿਰ ਵੀ ਪੁੱਛਿਆ ਨਾ ਤੂੰ ਕੌਣ ਹੈਂ

ਧੀਆਂ ਬੇਸ਼ੱਕ ਹੋਸੀ ਧੰਨ ਪਰਾਇਆ
ਦਰਦ ਧੀਆਂ ਦਾ ਕੌਣ ਵੰਡਾਉਂਣ ਆਇਆ
ਤੈਨੂੰ ਕੀ ਪਤਾ ਧੀ ਤੁਰਨ ਪਿੱਛੋਂ
ਤੂੰ ਕੀ ਖੋਇਆ ਤੇ ਕੀ ਪਾਇਆ
ਡੋਲੀ ਚੜ੍ਹਦਿਆਂ ਵੀ ਨਾ ਤੂੰ ਪੁੱਛ ਸਕਿਆ
ਹੁਣ ਤੇ ਦੱਸਦੀ ਜਾ ਤੂੰ ਕੌਣ ਹੈਂ

ਤੱਤੜੀ ਧੀ ਹੀ ਗਲੇ ਲੱਗ ਕਹਿਣ ਲੱਗੀ
ਮਾਨ ਕਰੀਂ ਨਾ ਐਨਾਂ ਪੁੱਤਰਾਂ ਦਾ ਬਾਬਲਾ ਵੇ
ਪੁੱਤ ਵੀ ਧੀ ਦੀ ਕੁੱਖੋਂ ਹੀ ਜੰਮਣੇ ਨੇ
ਸਾਹਮਣਾ ਧੀ ਦਾ ਨਾ ਕਰੀਂ ਮੌਤ ਬਣਕੇ
ਵੇਹੜੇ ਪੁੱਤਰਾਂ ਬਗ਼ੈਰ ਤੈਨੂੰ ਖਲਣੇ ਨੇ

❁❁❁

# ਜ਼ਿੰਦਗੀ

ਤੇਰਾ ਜ਼ਿੰਦਗੀ ਜੀਣ ਨੂੰ ਨਾ ਦਿਲ ਕਰਦਾ
ਤੇਰਾ ਤੇ ਹੁਣ ਮਰ ਜਾਣ ਨੂੰ ਦਿਲ ਕਰਦਾ

ਤੇਰੀ ਜ਼ਿੰਦਗੀ 'ਚ ਗੰਮ ਕੁੱਝ ਡਾਢੇ ਆ ਗਏ
ਤੇਰੀ ਜ਼ਿੰਦਗੀ ਨੂੰ ਇਹ ਘੁਣ ਵਾਂਗ ਖਾ ਗਏ

ਪਿਆਰ ਵਾਲੇ ਨਾਮ ਤੋਂ ਤਾਂ ਨਫ਼ਰਤ ਹੋ ਗਈ
ਤੇਰੀ ਜਿੰਦ ਇਹ ਨਿਮਾਣੀ ਹਨੇਰੇ ਵਿੱਚ ਖੋ ਗਈ

ਅੱਖਾਂ ਤੇਰੀਆਂ 'ਚੋਂ ਨੀਰ ਵੱਗ-ਵੱਗ ਮੁੱਕਿਆ
ਖ਼ੂਨ ਤੇਰੀਆਂ ਨਸਾਂ ਦਾ ਸਾਰੇ ਦਾ ਸਾਰਾ ਸੁੱਕਿਆ

ਗ਼ੁਲਾਬੀ ਗੱਲ੍ਹਾਂ ਤੇ ਗ਼ਮਾਂ ਦੇ ਕਾਲੇ ਬੱਦਲ ਛਾ ਗਏ
ਬਣ ਕਾਲੀ ਘਟਾ ਤੇਰੀ ਹਸਤੀ ਮਿਟਾ ਗਏ

❁❁❁

# ਗੀਤ

ਭਾਬੀ ਵਿਆਹ ਦੇ ਮੈਨੂੰ ਭੇਣ ਸੋਹਣੀ ਅਪਣੀ
ਨੀ ਉਹਦੇ ਉੱਤੇ ਮੈਂ ਮਰਦਾ
ਕੱਟੀ ਜਾਂਦੀ ਨਹੀਉਂ ਜਿੰਦ ਇਹ ਨਿਮਾਣੀ
ਨੀ ਉਹਦੇ ਉੱਤੇ ਮੈਂ ਮਰਦਾ

ਉਹਦੇ ਚੇਹਰੇ ਦੀ ਹਯਾ
ਗ਼ੁਲਾਬੀ ਗੱਲ੍ਹਾਂ ਦੀ ਨੀ ਭਾ
ਅੁਹਦੇ ਨੈਣਾਂ ਦਾ ਨਸ਼ਾ
ਦਿਲ ਲੈ ਗਈ ਉਹਦੀ ਤੋਰ ਮਸਤਾਨੀ
ਨੀ ਉਹਦੇ ਉੱਤੇ ਮੈਂ ਮਰਦਾ

ਉਹਦਾ ਗੋਰਾ-ਗੋਰਾ ਰੰਗ
ਛਣਕੇ ਵੀਹਣੀ ਵਿੱਚ ਵੰਗ
ਹਾਸੇ ਉਹਦੇ ਦੀ ਖਣਕ
ਚੁੰਨੀ ਲੈਂਦੀ ਜਦੋਂ ਉੱਤੇ ਉਹ ਬਦਾਮੀ
ਨੀ ਉਹਦੇ ਉੱਤੇ ਮੈਂ ਮਰਦਾ

ਸ਼ੀਸ਼ੇ ਸਾਹਮਣੇ ਖਲੋਤੀ
ਆਪੇ ਵੇਖ ਸ਼ਰਮਾਵੇ
ਵੇਹੜੇ ਆਪਣੇ 'ਚ ਬੈਠੀ
ਜਦ ਚਰਖਾ ਉਹ ਡਾਹਵੇ
ਨਿੰਮਾ-ਨਿੰਮਾ ਮੈਨੂੰ ਵੇਖ ਮੁਸਕਾਂਦੀ
ਨੀ ਉਹਦੇ ਉੱਤੇ ਮੈਂ ਮਰਦਾ

❁❁❁

# ਅੱਖਾਂ ਦੀ ਬਰਸਾਤ

ਸਾਡੀਆਂ ਅੱਖਾਂ ਵਿੱਚ ਬਰਸਾਤ ਨੀ ਮਾਂ
ਸਾਡੇ ਦਿਨ ਵੀ ਹੋ ਗਏ ਰਾਤ ਨੀ ਮਾਂ
ਤੇਰੀ ਮੰਨ ਕੇ ਵੀ ਅਸਾਂ ਦੁੱਖ ਝੱਲੇ
ਵਿਆਹ ਕਰਕੇ ਵੀ ਅਸਾਂ ਦੁੱਖ ਝੱਲੇ
ਸਾਨੂੰ ਜੰਮੇ ਪੁੱਤਰਾਂ ਦਾ ਮਾਣ ਕਾਹਦਾ
ਜਦੋਂ ਪੁੱਛੇ ਨਾ ਸਾਡੀ ਕੋਈ ਬਾਤ ਨੀ ਮਾਂ

ਜ਼ਿੰਦਗੀ ਗੁਜ਼ਰ ਗਈ...... ਵਿੱਚ ਦੁੱਖਾਂ
ਚੰਦ ਲਮਹੇ ਨਾ ਗੁਜ਼ਾਰੇ ਵਿੱਚ ਸੁੱਖਾਂ
ਰਾਤਾਂ ਸਾਡੀਆ ਰਹੀਆਂ ਸਦਾ ਸਿਸਕਦੀਆਂ
ਦਿਨਾਂ ਦਾ ਸਾਨੂੰ ਨਾ ਕੋਈ ਹਿਸਾਬ ਨੀ ਮਾਂ
ਸਾਡੀਆਂ ਅੱਖਾਂ ਵਿੱਚ ਬਰਸਾਤ ਨੀ ਮਾਂ

ਤੇਰੇ ਦਰ ਤੇ ਜਦੋਂ ਅਸੀਂ ਆਏ ਨੀ ਮਾਂ
ਗ਼ਮਾਂ ਦੇ ਬੋਝ ਨਾਲ ਅਸੀਂ ਡਗ ਮਗਾਏ ਨੀ ਮਾਂ
ਲੈ ਹਿਚਕੋਲੇ ਅਸੀਂ ਗਲੇ ਤੇਰੇ ਲੱਗ ਰੋਏ
ਵਫ਼ਾ ਦਾ ਮਿਲ ਗਿਆ ਸਾਨੂੰ ਖ਼ਿਤਾਬ ਨੀ ਮਾਂ
ਸਾਡੀਆਂ ਅੱਖਾਂ ਵਿੱਚ ਬਰਸਾਤ ਨੀ ਮਾਂ

❁❁❁

# ਅੱਜ

ਅੱਜ ਤੇ ਲੱਗਦਾ ਪਿਆ ਹੈ ਇੰਜ ਸਾਨੂੰ
ਅਸੀਂ ਜੱਗ ਚੰਦਰੇ ਤੇ ਆਏ ਕਾਹਨੂੰ
ਪਿਆਰ ਜਿਨ੍ਹਾਂ ਤੇ ਲੁਟਾਇਆ ਜਿੰਦ ਵਾਰਕੇ
ਅੱਜ ਰਹਿ ਗਏ ਅਸੀਂ ਜਿੱਤੀ ਬਾਜ਼ੀ ਹਾਰਕੇ

ਅੱਜ ਤੇ ਹੁੰਝੂ ਵੀ ਨਾ ਅੱਖਾਂ ਵਿੱਚੋਂ ਵਗਦੇ
ਨਾ ਹੀ ਬੁੱਲ੍ਹੀਆਂ ਤੇ ਹਾਸੇ ਸਾਨੂੰ ਫੱਬਦੇ
ਅਸੀਂ ਕਿਸੇ ਤੋਂ ਵੀ ਕੁੱਝ ਨਾ ਸੀ ਮੰਗਿਆ
ਕਾਹਨੂੰ ਦੁੱਖਾਂ ਵਾਲੀ ਸੂਲੀ ਸਾਨੂੰ ਟੰਗਿਆ

ਅੱਜ ਫਿਰ ਬੜਾ ਹੀ ਉਦਾਸ ਦਿਲ ਹੋ ਗਿਆ
ਫਿਰ ਗ਼ਮਾਂ ਦੇ ਹਲੋਰਿਆਂ 'ਚ ਖੋ ਗਿਆ
ਇੱਕ ਤੇ ਰਾਤਾਂ ਦੇ ਉਨੀਂਦਰੇ ਨੇ ਮਾਰਿਆ
ਉੱਤੋਂ ਆਪਣਿਆਂ ਘਮਾਸਾਨ ਪਾ ਲਿਆ

ਅੱਜ ਫਿਰ ਦੁੱਖਾਂ ਵਾਲੀ ਧੁੱਪ ਵਿੱਚ
ਸਾਡਾ ਕੋਮਲ ਜਿਹਾ ਦਿਲ ਕੁਮਲਾ ਗਿਆ
ਕੁੱਝ ਯਾਦਾਂ ਨੇ ਭਾਂਬੜ ਜਿਹਾ ਲਾ ਦਿੱਤਾ
ਤੇ ਕੁੱਝ ਨੇ ਮੇਰਾ ਸਬਰ ਅਜ਼ਮਾ ਲਿਆ

ਅੱਜ ਤੇ ਰੱਬ ਤੋਂ ਵੀ ਕੁੱਝ ਨਹੀਉਂ ਮੰਗਣਾ
ਉਹ ਟੰਗ ਦੇਵੇ ਜਿਹੜੀ ਸੂਲੀ ਉੱਤੇ ਟੰਗਣਾ
ਸਾਡੇ ਗੀਤਾਂ ਨੇ ਜਿਉਂਦਾ ਸਾਨੂੰ ਰੱਖਿਆ
ਗੀਤ ਸੁਣ ਕੇ ਅਤੀਤ ਸਾਡਾ ਹੱਸਿਆ

❁❁❁

# ਹੱਥ ਦੀਆਂ ਲੀਕਾਂ

ਮੇਰੇ ਹੱਥ ਦੀਆਂ ਲੀਕਾਂ ਹਾਏ ਮੈਨੂੰ ਰੋਲ ਸੁੱਟਿਆ
ਜੋ ਵੀ ਆਪਣਾ ਸੀ ਮੇਰੀ ਜ਼ਿੰਦਗੀ 'ਚ ਆਇਆ
ਮੈਨੂੰ ਬਾਏ ਕਰ ਜ਼ਿੰਦਗੀ ਚੋਂ ਤੋਰ ਸੁੱਟਿਆ
ਮੇਰੇ ਹੱਥ ਦੀਆਂ ਲੀਕਾਂ ਹਾਏ ਮੈਨੂੰ ਰੋਲ ਸੁੱਟਿਆ

ਮੈਂ ਤਾਂ ਪਿਆਰ ਵਾਲੇ ਬੂਹੇ ਸਭ ਵਾਸਤੇ ਸੀ ਖੋਲੇ
ਦਿਲ ਵਾਲੇ ਦੁੱਖ ਭਾਵੇਂ ਕੋਈ ਵੀ ਆਣ ਫੋਲੇ
ਮੇਰੇ ਜਜ਼ਬਾਤਾਂ ਦਾ ਮਜ਼ਾਕ ਉਡਾਕੇ ਹਾਸਿਆਂ ਦੇ ਨਾਲ
ਮੇਰੇ ਹਾਸਿਆਂ ਨੂੰ ਪੈਰਾਂ 'ਚ ਮਧੋਲ ਸੁੱਟਿਆ

ਮੇਰੇ ਰਾਹਾਂ ਵਿੱਚ ਕੰਡੇ ਮੇਰੀ ਸਾਦਗੀ ਨੇ ਬੋਏ
ਇਨ੍ਹਾਂ ਕੰਡਿਆਂ ਦੇ ਨਾਲ ਅਸੀ ਰਾਤ ਦਿਨ ਰੋਏ
ਚੈਨ ਦਿਨ ਨੂੰ ਨਾ ਆਇਆ ਨੀਂਦ ਰਾਤਾਂ ਨੂੰ ਨਾ ਆਈ
ਦੱਸਾਂ ਕੀਹਨੂੰ ਜਾਕੇ ਮੇਰਾ ਗਿਆ ਜਾਹਨ ਲੁੱਟਿਆ

ਅਸੀਂ ਤਾਂ ਖੇਲ ਚਾਵਾਂ ਵਾਲਾ ਕਦੀ ਖੇਲ ਵੀ ਨਾ ਪਾਏ
ਸਾਥੋਂ ਦੂਰ-ਦੂਰ ਰਹੇ ਸਾਡੇ ਆਪਣੇ ਹੀ ਸਾਏ
ਆਪਣਿਆ ਵਿੱਚ ਬਹਿਕੇ ਕਦੀ ਬੋਲ ਵੀ ਨਾ ਪਾਏ
ਬਹਿ ਬੇਗਾਨਿਆਂ 'ਚ ਦਿਲ ਨੂੰ ਫਰੋਲ ਸੁੱਟਿਆ

❁❁❁

# ਪਿਆਰ ਦਾ ਰੰਗ

ਉਸ ਉੱਤੇ ਤਾਂ ਪਿਆਰ ਦਾ ਰੰਗ ਚੜ੍ਹ ਚੁੱਕਿਆ ਹੈ
ਉਸਦੇ ਨੈਣਾਂ ਦੇ ਵਿੱਚ ਕੋਈ ਵੱਸ ਚੱਕਿਆ ਹੈ

ਉਸਦੇ ਸਾਹਾਂ ਦੇ ਵਿੱਚ......... ਕੋਈ ਰੱਸ ਚੁੱਕਿਆ ਹੈ
ਉਸਦੇ ਸੁਪਨਿਆਂ ਦੇ ਵਿੱਚ ਕੋਈ ਰੱਚ ਚੁੱਕਿਆ ਹੈ

ਹੁਣ ਉਸਨੂੰ ਤਾਂ ਰਹਿੰਦੀ ਕੋਈ ਹੋਸ਼ ਨਹੀਂ ਹੈ
ਬੇਹੋਸ਼ੀ ਦੇ ਵਾਂਗ ਫਿਰਦੀ ਬੇਹੋਸ਼ ਜਿਹੀ ਹੈ

ਹਰ ਵੇਲੇ ਤਾਂਘ ਕਿਸੇ ਦੀ ਉਸਨੂੰ ਖਾਂਦੀ ਰਹਿੰਦੀ
ਵਿੱਚ ਭੁਲੇਖਿਆਂ ਹਰ ਵੇਲੇ ਉਸਨੂੰ ਸਾਹਮਣੇ ਪਾਉਂਦੀ

ਉਸ ਦੀਆਂ ਗੱਲਾਂ ਯਾਦ ਕਰਕੇ ਮੁਸਕਾਂਦੀ ਰਹਿੰਦੀ
ਹੋਰ ਕਿਸੇ ਦੀਆਂ ਗੱਲਾਂ ਦੀ ਸੁੱਧ-ਬੁੱਧ ਨਾ ਰਹਿੰਦੀ

ਕਦੀ ਸ਼ਰਮਾਕੇ ਵਿੱਚੋਂ ਵਿੱਚ ਉਹ ਘੁੱਲਦੀ ਜਾਵੇ
ਕਦੀ ਗ਼ਮਾਂ ਦੇ ਬੋਝ ਥੱਲੇ ਨਿਕਲਨਾ ਚਾਹਵੇ

ਕਹਿੰਦਾ ਕੋਈ ਕੁੱਝ ਹੋਰ ਸੁਣਦੀ ਕੁੱਝ ਹੋਰ ਪਈ ਏ
ਲੱਗਦਾ ਉਸਨੂੰ ਆਪਣੀ ਵੀ ਕੋਈ ਹੋਸ਼ ਨਹੀਂ ਹੈ

ਹਰ ਵੇਲੇ ਰਹਿੰਦੀ ਉਸਨੂੰ ਕੋਈ ਸੋਚ ਜਿਹੀ ਹੈ
ਸੋਚਾਂ ਵਿੱਚ ਡੁੱਬੀ ਰਹਿੰਦੀ ਪਰ ਮਦਹੋਸ਼ ਜਿਹੀ ਹੈ

ਕਿਸੇ ਵੇਲੇ ਤਾਂ ਉਹ ਮਾਰ ਉਡਾਰੀ ਉੜਨਾ ਚਾਹਵੇ
ਕਦੇ ਪਰਾਂ ਦੇ ਵਾਂਗ ਕਦੇ ਮੁੜ-ਮੁੜ ਕੁਰਲਾਵੇ

❁❁❁

# ਮੁਟਿਆਰ

ਸੋਚਾਂ ਵਿੱਚ ਡੁੱਬੀ ਮੁਟਿਆਰ ਨੂੰ
ਕੌਣ ਮਾਰ ਗੁਲੇਲ ਚੌਂਕਾ ਗਿਆ
ਜਾਣਦੀ ਨਾ ਕਿਸੇ ਨੂੰ ਪਹਿਚਾਣਦੀ
ਤੀਰ ਕੌਣ ਉਸਦੀ ਸੋਚ 'ਚ ਚੁਭਾ ਗਿਆ

ਹੁਸਨ ਉਸਦਾ ਮੱਚਦੀ ਲਾਟ ਸੀ
ਸਾਰੇ ਪਿੰਡ ਦੀ ਹਸੀਨ ਤਲਵਾਰ ਸੀ
ਗਰਦਨ ਉਸ ਦੀ ਸੁਰਾਹੀ ਵਾਂਗ ਲੰਬੀ
ਉਸਦੇ ਨੈਣਾਂ ਚੋਂ ਡੁੱਲਦਾ ਸ਼ਬਾਬ ਸੀ

ਗੱਲਾਂ ਉਸਦੀਆਂ ਭੱਖਦੇ ਅੰਗਾਰ ਸੀ
ਬੁੱਲ ਉਸਦੇ ਪੰਖੜੀ ਗੁਲਾਬ ਸੀ
ਜਦੋਂ ਹੱਸਦੀ ਮੂਹੋਂ ਫੁੱਲ ਝੜਦੇ
ਅੰਦਾਜ਼ਾ ਉਸਦਾ ਬੜਾ ਕਮਾਲ ਸੀ

ਤੋਰ ਤੁਰੇ ਤਾਂ ਲੱਗੇ ਵਾਂਗ ਹਿਰਨੀ
ਉਸਦੀ ਤੋਰ ਦਾ ਨਾ ਕੋਈ ਜਵਾਬ ਸੀ
ਕੀ ਮਿਸਾਲ ਦੇਵਾਂ ਉਸਦੇ ਹੁਸਨ ਦੀ ਮੈਂ
ਉਹ ਤਾਂ ਖ਼ੁਦ ਹੁਸਨ ਦੀ ਇੱਕ ਮਿਸਾਲ ਸੀ

❁❁❁

# ਗੀਤ

ਚੰਨਾ ਵੇ ਤੇਰੀਆਂ ਯਾਦਾਂ ਦੇ ਵਿੱਚ ਐਸੀ ਖੋਈ
ਨਾ ਦਿਨੇ ਮੈਂ ਜਾਗ ਸਕੀ ਨਾ ਰਾਤਾਂ ਨੂੰ ਸੋਈ
ਚੰਨਾ ਵੇ ਤੇਰੀਆਂ ਯਾਦਾਂ ਦੇ ਵਿੱਚ ਐਸੀ ਖੋਈ

ਹਿਜਰਾਂ ਦੀ ਭੱਠੀ ਵਿੱਚ ਫੂਕ ਲਿਆ ਦਿਲ ਆਪਣਾ ਸਾਰਾ
ਨਾ ਹੁਣ ਵੈਰੀ ਧੜਕੇ ਪਿਆ ਇਹ ਕਿਸਮਤ ਦਾ ਮਾਰਾ
ਕੀ ਦੱਸਾਂ ਤੈਨੂੰ ਸੋਹਣਿਆ ਵੇ ਇਹਦੀ ਕੀ ਗੱਤ ਹੋਈ
ਚੰਨਾ ਵੇ ਤੇਰੀਆਂ ਯਾਦਾਂ ਦੇ ਵਿੱਚ ਐਸੀ ਖੋਈ

ਹਾਰ ਮੇਰਾ ਬੇਹਾਲ ਹੋ ਗਿਆ ਰਹੀ ਨਾ ਮੈਨੂੰ ਸੁੱਧ-ਬੁੱਧ ਕੋਈ
ਬੈਠੀ ਸੋਚਾਂ ਸੋਚ-ਸੋਚ ਮੈਂ ਕਮਲੀ ਹੋਈ
ਕੀ ਹੋਵੇਗਾ ਇਹਦਾ ਕੀ ਪਤਾ ਮੈਨੂੰ ਖ਼ਬਰ ਨਾ ਕੋਈ
ਚੰਨਾ ਵੇ ਤੇਰੀਆਂ ਯਾਦਾਂ ਦੇ ਵਿੱਚ ਐਸੀ ਖੋਈ
ਨਾ ਦਿਨੇ ਮੈਂ ਜਾਗ ਸਕੀ ਨਾ ਰਾਤਾਂ ਨੂੰ ਸੋਈ

❁❁❁

# ਗੀਤ

ਹਾਏ ਨੀ ਚੰਦਰੀ ਜਠਾਣੀ ਮੇਰੇ
ਪਿਆਰ ਤੇ ਜਾਦੂ-ਟੋਣਾ ਕਰ ਗਈ
ਜਾਂਦੀ ਜਾਂਦੀ ਭੈੜੀ ਛਾਇਆ
ਇਸ਼ਕ ਮੇਰੇ ਤੇ ਕਰ ਗਈ
ਹਾਏ ਨੀ ਚੰਦਰੀ ਜਠਾਣੀ

ਪਿਆਰ ਮੇਰਾ ਸੱਜਰੀ ਸਵੇਰ ਵਾਂਗੂੰ ਉੱਜਲਾ-ਉੱਜਲਾ
ਨੈਣਾ 'ਚ ਉਹਦੇ ਗੁਲਾਬੀ ਡੋਰਾ ਉੱਭਰਾ-ਉੱਭਰਾ
ਵੇਖ ਨਸ਼ੀਲੇ ਨੈਣ ਉਹਦੇ ਮੈਂ
ਵਾਂਗ ਸ਼ਦਾਈਆਂ ਡਰ ਗਈ
ਹਾਏ ਨੀ ਚੰਦਰੀ......... ਜਠਾਣੀ

ਵਾਂਗ ਮੋਰਨੀ ਫਿਰਾਂ ਬਾਗਾਂ ਵਿੱਚ ਪੈਲਾਂ ਪਾਉਂਦੀ
ਪਿਆਰ ਤੇਰੇ ਦੀਆਂ ਯਾਦਾਂ ਨੂੰ ਕਰ ਯਾਦ ਮੁਸਕਾਂਦੀ
ਖੋਈ-ਖੋਈ ਯਾਦ ਤੇਰੀ ਵਿੱਚ
ਵੇਖ ਤੈਨੂੰ ਸ਼ਰਮਾ ਗਈ
ਹਾਏ ਨੀ ਚੰਦਰੀ ਜੇਠਾਣੀ

ਪਿਆਰ ਤੇਰੇ ਦਾ ਵਿਛੋੜਾ ਸਾਥੋਂ ਝੱਲਿਆ ਨਾ ਜਾਵੇ
ਤੇਰੇ ਬਾਝੋਂ ਦਿਲ ਸਾਡੇ ਨੂੰ ਕੁੱਝ ਵੀ ਨਾ ਭਾਵੇ
ਫਿਰ ਹੰਝੂਆਂ ਵਿੱਚ ਡੁੱਬੀ ਹੋਈ
ਰਾਤ ਇਹ ਕਾਹਨੂੰ ਆ ਗਈ
ਹਾਏ ਨੀ ਚੰਦਰੀ ਜਠਾਣੀ

❁❁❁

# ਗੀਤ

ਨੀ ਸੋਹਣੀਏ ਕਿਤੇ ਭੁੱਲ ਨਾ ਜਾਵੀਂ ਮੈਨੂੰ
ਕਸਮ ਹੈ ਮੇਰੇ ਸੱਚੇ ਪਿਆਰ ਦੀ ਤੈਨੂੰ
ਨੀ ਸੋਹਣੀਏ ਕਿਤੇ ਭੁੱਲ ਨਾ ਜਾਵੀਂ ਮੈਨੂੰ

ਕਿਵੇਂ ਭੁੱਲ ਸਕਦੀ ਹਾਂ ਤੇਰੀਆਂ ਅਦਾਵਾਂ ਨੂੰ
ਕੀਤਾ ਸੀ ਜੋ ਪਿਆਰ ਪਾਕੇ ਗਲੇ ਵਿੱਚ ਬਾਹਾਂ ਤੂੰ
ਮੈਂ ਤੇ ਕੀ ਚੀਜ਼ ਭੁੱਲ ਸਕੇ ਨਾ ਖੁਦਾਈ ਤੈਨੂੰ
ਨਾ ਸੋਹਣਿਆਂ ਐਨਾ ਕਰੀ ਨਾ ਪਿਆਰ ਮੈਨੂੰ
ਮਰ ਹੀ ਨਾ ਜਾਵਾਂ ਕਿਤੇ ਯਾਦ ਕਰ-ਕਰ ਤੈਨੂੰ
ਨਾ ਸੋਹਣਿਆ ਐਨਾ ਕਰੀ ਨਾ ਪਿਆਰ ਮੈਨੂੰ

ਤਨਹਾਈ ਵਿੱਚ ਤੇਰੀ ਸੁਣਦੀ ਪੁਕਾਰ ਮੈਨੂੰ
ਲੱਗੇ ਜਿਵੇਂ ਆਸ-ਪਾਸ ਦੇਂਦੀ ਹੈ ਵਿਖਾਈ ਮੈਨੂੰ
ਯਾਦ ਭੁਲੇਖਾ ਤੇਰੀ ਹਰ ਵੇਲੇ ਪਾਵੇ ਮੈਨੂੰ
ਨੀ ਸੋਹਣੀਏ ਕਿਤੇ ਭੁੱਲ ਨਾ ਜਾਵੀਂ ਮੈਨੂੰ
ਨੀ ਸੋਹਣੀਏ..............................

ਤੇਰੇ ਬਿਨ ਦਿਲ ਮੇਰਾ ਕਿਤੇ ਵੀ ਨਹੀਂ ਲੱਗਦਾ
ਕਦੀ ਸੋਚਾਂ ਛੱਡ ਦਿਆਂ ਮੋਹ ਇਸ ਜੱਗ ਦਾ
ਅੱਖੀਆਂ 'ਚ ਹੰਝੂ ਵੱਗ ਆਉਂਦੇ ਯਾਦ ਕਰ ਤੈਨੂੰ
ਨਾ ਸੋਹਣਿਆ ਐਨਾ ਕਰੀਂ ਨਾ ਪਿਆਰ ਮੈਨੂੰ
ਮਰ ਹੀ ਨਾ ਜਾਵਾਂ ਕਿਤੇ ਯਾਦ ਕਰ-ਕਰ ਤੈਨੂੰ
ਨਾ ਸੋਹਣਿਆ..............................

ਨਜ਼ਰਾਂ ਨਾ ਲੱਗ ਜਾਣ ਤੇਰੇ ਮੇਰੇ ਪਿਆਰ ਨੂੰ
ਕਰਕੇ ਗਲੀ ਚੋਂ ਨਿਕਲੇ ਸੋਲਾਂ ਸ਼ਿੰਗਾਰ ਤੂੰ
ਪਾਉਂਦਾ ਹਾਂ ਮੈਂ ਆਉਂਸੀਆਂ ਉਡੀਕਾਂ ਹਰ ਪਲ ਤੈਨੂੰ
ਨੀ ਸੋਹਣੀਏ ਕਿਤੇ ਭੁੱਲ ਨਾ ਜਾਵੀਂ ਮੈਨੂੰ
ਨੀ ਸੋਹਣੀਏ................................

ਇਸ ਜੱਗ ਚੰਦਰੇ ਤੋਂ ਮੈਂ ਨਹੀਉਂ ਹੁਣ ਡਰਨਾ
ਪਿਆਰ ਆਪਣੇ ਨੂੰ ਇਹਦੀ ਸੂਲੀ ਤੇ ਨਹੀਂ ਧਰਨਾ
ਦੇ ਦਿਆਂਗੀ ਮੂਲ ਮੈਂ ਵਿਆਜ ਸਮੇਤ ਐਨੂੰ
ਨਾ ਸੋਹਣਿਆ ਐਨਾ ਕਰੀ ਨਾ ਪਿਆਰ ਮੈਨੂੰ
ਮਰ ਹੀ ਨਾ ਜਾਵਾਂ ਕਿਤੇ ਯਾਦ ਕਰ-ਕਰ ਤੈਨੂੰ
ਨਾ ਸੋਹਣਿਆ.................................

❁❁❁

# ਮਾਂ

ਮਾਂ......ਉਹ ਮਾਂ ਪਿਆਰੀ ਮਾਂ, ਦੁਲਾਰੀ ਮਾਂ
ਮਾਂ ਤੇਰੇ ਨੈਣਾਂ ਵਿੱਚ ਦਿੱਖਦੀ ਮੈਨੂੰ ਆਪਣੀ ਛਾਂ
ਕਦਮਾਂ ਵਿੱਚ ਤੇਰੇ ਬੈਠਾਂ ਤਾਂ ਮਿਲੇ ਸਵਰਗੀ ਥਾਂ
ਮਾਂ...... ਉਹ ਮਾਂ, ਪਿਆਰੀ ਮਾਂ, ਦੁਲਾਰੀ ਮਾਂ

ਤੇਰੇ ਪਿਆਰ ਦੀਆਂ ਨਿੱਘੀਆਂ ਛਾਵਾਂ
ਨਿੱਕੀਆਂ-ਨਿੱਕੀਆਂ ਕਰਾਂ ਅਦਾਵਾਂ
ਵੇਖਕੇ ਮਾਂ ਤੂੰ ਖ਼ੁਸ਼ ਹੋ ਜਾਂਦੀ
ਬਾਰ-ਬਾਰ ਸੀਨੇ ਨਾਲ ਲਾਂਦੀ
ਮੈਂ, ਕਿਵੇਂ ਭੁੱਲ ਸਕਦਾ ਹਾਂ
ਮਾਂ...... ਉਹ ਮਾਂ, ਪਿਆਰੀ ਮਾਂ, ਦੁਲਾਰੀ ਮਾਂ

ਤੇਰੇ ਪਿਆਰ ਦੇ ਝੂਟਿਆਂ ਨੂੰ ਮੈਂ ਭੁੱਲ ਸਕਦਾ ਨਾ
ਤੇਰੇ ਹੱਥ ਦੀ ਚੂਰੀ ਖਾ ਖਾ ਤੇ ਮੈਂ ਹੋਇਆ ਜਵਾਂ
ਤੇਰੇ ਪਿਆਰ ਦੀਆਂ ਲੋਰੀਆਂ ਸੁਣਕੇ ਗੁੰਮ ਹੋ ਜਾਂਦਾ ਹਾਂ
ਮਾਂ...... ਉਹ ਮਾਂ, ਪਿਆਰੀ ਮਾਂ, ਦੁਲਾਰੀ ਮਾਂ

ਤੇਰੇ ਕਾਰਨ ਦੁਨਿਆਂ ਵਿੱਚ ਆਇਆ
ਮੇਰੇ ਸੁੱਖ ਦੇ ਬਦਲ ਵਿੱਚ ਤੂੰ
ਡਾਢਾ ਦੁੱਖ ਹੰਢਾਇਆ
ਹਰ ਦੁੱਖ ਆਪਣੀ ਝੋਲੀ ਪਾਕੇ
ਮੈਨੂੰ ਸੁੱਖ ਦਾ ਰਾਹ ਵਿਖਾਇਆ
ਮਾਂ...... ਉਹ ਮਾਂ, ਪਿਆਰੀ ਮਾਂ......

ਸਭ ਤੋਂ ਵੱਡਾ ਕਰਮ ਇਹ ਤੇਰਾ
ਨਾਲੇ ਇਹ ਅਨਮੋਲ ਬਥੇਰਾ
ਤੇਰੇ ਕਾਰਨ ਅੱਜ ਦੁਨੀਆਂ ਵਿੱਚ
ਮੇਰੇ 'ਕਰਮ'' ਦਾ ਨਾਂ
ਮਾਂ...... ਉਹ ਮਾਂ, ਪਿਆਰੀ ਮਾਂ......

❁❁❁

# ਵਿਰਾਨ ਖੰਡਰ

ਦਿਲ ਮੇਰਾ ਵੀਰਾਨ ਹੈ ਵੀਰਾਨ ਖੰਡਰ ਦੀ ਤਰ੍ਹਾਂ
ਫਿਰ ਵੀ ਇਹ ਧੜਕ ਰਿਹਾ ਕਿਉਂ ਹੈ ਧੜਕ ਰਿਹਾ

ਦਿਲ ਮੇਰਾ ਪੱਤਝੜ ਦੀ ਤਰ੍ਹਾਂ ਉੱਜੜਾ ਹੋਇਆ ਪੇੜ ਹੈ
ਇਸ ਪੇੜ ਥੱਲੇ ਤੂੰ ਕਿਉਂ ਪਿਆਰੇ ਬਹਿ ਗਿਆ

ਕਿਉਂ ਜ਼ਿੰਦਗੀ 'ਚ ਤੂੰ ਬਹਾਰ ਬਣਕੇ ਆ ਗਿਆ
ਕਿਉਂ ਦਿਲ ਦੇ ਆਸ-ਪਾਸ ਘਟਾ ਬਣਕੇ ਛਾ ਗਿਆ

ਵੇਖੀਂ ਕਿਤੇ ਬਰਸ ਨਾ ਜਾਏ ਕਾਲੀ ਇਹ ਘਟਾ
ਇਸ ਘਟਾ ਦੇ ਆਸ-ਪਾਸ ਦਿਲ ਮੇਰਾ ਧੜਕ ਰਿਹਾ

❁❁❁

# ਮਾਏਂ

ਮਾਏਂ ਨੀਂ ਮੈਂ ਤੈਨੂੰ ਯਾਦ ਕਰਾਂ ਨਾਲੇ ਰੋਵਾਂ
ਆਪਣੇ ਆਪ ਵਿੱਚ ਹੋਸ਼ ਨਾ ਰਹਿੰਦੀ
ਕੀ ਪਾਵਾਂ, ਕੀ ਖੋਹਵਾਂ
ਮਾਏਂ ਨੀ ਮੈਂ ਤੈਨੂੰ ਯਾਦ ਕਰਾਂ ਨਾਲੇ ਰੋਵਾਂ

ਕਿਉਂ ਟੋਲਿਆਂ ਵਰ ਮੇਰੇ ਲਈ ਮਾਂ
ਕਿਉਂ ਤੋਰਿਆ............ ਸੱਸੁਰਾਲ
ਉਮਰ ਮੇਰੀ ਸੀ ਗੁੱਡੀਆਂ ਪਟੋਲੇ ਨਾਲ ਖੇਡਣ ਵਾਲੀ
ਸਿਰ ਤੋਂ ਤੂੰ ਲਾਹ ਲਿਆ ਭਾਰ
ਇਹ ਵੀ ਨਾ ਸੋਚਿਆ ਲਾਡੋ ਮੇਰੀ ਦਾ
ਕੀ ਉਮਰਾਂ ਦਾ ਮੇਲ
ਮੇਲ ਮਿਲਾਉਂਦਿਆਂ ਜ਼ਿੰਦਗੀ ਮੇਰੀ
ਬਣ ਗਈ ਮਾਂ ਖੇਲ
ਖੇਲ-ਖੇਲ ਵਿੱਚ ਸਮਝ ਨਾ ਪਾਈ
ਮੈਂ ਪਾਸ ਹੋਈ ਜਾਂ ਫੇਲ
ਆਪਣੇ ਆਪ ਵਿੱਚ ਹੋਸ਼ ਨਾ ਰਹਿੰਦੀ
ਮੈਂ ਹੱਸਾਂ ਜਾਂ ਰੋਵਾਂ

ਵਰ ਟੋਲਨਾ ਸੀ ਤਾਂ ਟੋਲਦੀ ਹਾਣ ਦਾ
ਜੋ ਮੇਰੀ ਸੋਚ ਤੇ ਪੂਰੀ ਪਾਉਂਦਾ
ਮੇਰੇ ਨੈਣਾਂ ਦੇ ਵਿੱਚ ਡੁੱਬਕੇ
ਕਦੀ ਗੀਤ ਪਿਆਰ ਦੇ ਗਾਉਂਦਾ
ਰਾਤਾਂ ਦੀ ਮੇਰੀ ਨੀਂਦ ਗਵਾਚੀ
ਚੈਨ ਦਿਨ ਨੂੰ ਨਾ ਆਵੇ
ਇਕੱਲੀ ਬੈਠੀ ਅੰਧੇਰ ਗੁਫਾ ਵਿੱਚ
ਗ਼ਮ ਦੀ ਮਾਲਾ ਪਰੋਵਾਂ
ਮਾਏ ਨੀ ਮੈਂ ਤੈਨੂੰ ਯਾਦ ਕਰਾਂ ਨਾਲੇ ਰੋਵਾਂ

❁❁❁

# ਮਾਂ ਪੁੱਤ ਨੂੰ ਆਖਦੀ

ਮਾਂ ਪਈ ਪੁੱਤ ਨੂੰ ਆਖਦੀ
ਤੂੰ ਬੇਪਰਵਾਈਆਂ ਛੋੜ
ਕਿਉਂ ਜਿਉਂਦੇ ਜੀ ਫ਼ਰਜ਼ਾਂ ਨੂੰ ਦਿੱਤਾ
ਮਿੱਟੀ ਦੇ ਵਿੱਚ ਰੋਲ
ਘਰ-ਘਰ ਧੀਆਂ ਰੋਂਦੀਆਂ
ਦੇਖ ਜਾਕੇ ਦੁੱਖ ਫਰੋਲ
ਮਾਂ ਦੇ ਬੂਹੇ ਬੈਠੀ ਧੀ ਨੂੰ
ਲੋਕੀ ਕਰਨ ਕਲੋਲ
ਲੰਬੇ ਦਾਜ ਦੇ ਹੱਥਾਂ ਨੇ
ਧੀਆਂ ਨੂੰ ਦਿੱਤਾ ਰੋਲ
ਮਾਂ ਬਾਪ ਦਾ ਚੱਲਦਾ ਨਾ
ਮਹਿੰਗਾਈ ਅੱਗੇ ਜ਼ੋਰ
ਇਨ੍ਹਾਂ ਵਹਿਸ਼ੀ ਦਾਜ ਦੇ ਭੁੱਖਿਆਂ
ਧੀਆਂ ਨੂੰ ਦਿੱਤਾ ਰੋਲ
ਕੋਈ ਪਲਾ ਛੁੜਾਕੇ ਭੱਜ ਗਈ
ਕੋਈ ਫਸ ਗਈ ਅਣਭੋਲ
ਕੋਈ ਰੱਬ ਨੂੰ ਪਿਆਰੀ ਹੋ ਗਈ
ਪੀਕੇ ਜ਼ਹਿਰ ਪਿਆਲਾ ਘੋਲ
ਮਾਂ ਪਈ ਪੁੱਤਰ ਨੂੰ ਆਖਦੀ
ਤੂੰ ਬੇਪਵਾਈਆਂ ਛੋੜ
ਕਿਉਂ ਜਿਉਂਦੇ ਜੀ ਫ਼ਰਜ਼ਾਂ ਨੂੰ ਦਿੱਤਾ
ਮਿੱਟੀ ਦੇ ਵਿੱਚ ਰੋਲ

❁❁❁

# ਗੀਤ

ਇਹ ਕੀ  ਹੋ ਗਿਆ ਹੈ ਮੈਨੂੰ
ਦੱਸ ਦਿਓ ਮੇਰੀ ਸੱਖੀਓ ਨੀ
ਇਹ ਕੀ  ਹੋ ਗਿਆ ਹੈ ਮੈਨੂੰ
ਕੀ ਇਹ ਪਿਆਰ ਦਾ ਬੁਖ਼ਾਰ
ਜਿਵੇਂ ਨਿੰਮੀ-ਨਿੰਮੀ ਜਿਹੀ ਫੁਹਾਰ
ਲੱਗੇ, ਸਾਉਂਣ ਦੀ ਝੜੀ ਦੇ ਵਾਂਗੂੰ ਸਖੀਓ ਨੀ......
ਇਹ ਕੀ ਹੋ ਗਿਆ ਮੈਨੂੰ

ਉਹਦੇ ਮਿੱਠੇ-ਮਿੱਠੇ ਬੋਲ
ਸੀਨੇ  ਦਿੰਦੇ  ਰਸ ਘੋਲ
ਉਹਦੀਆਂ ਨਜ਼ਰਾਂ ਦੇ ਵੱਲ ਜਦੋਂ ਤੱਕਦੀਆਂ ਨੀ
'ਮੈਨੂੰ'  ਨਸ਼ਾ  ਜਿਹਾ ਹੋਣ ਲੱਗਦਾ
ਨੀ ਮੈਨੂੰ ਨਸ਼ਾ ਜਿਹਾ ਹੋਣ ਲੱਗਦਾ
ਇਹ  ਕੀ  ਹੋ  ਗਿਆ ਹੈ  ਮੈਨੂੰ

ਕਦੀ  ਨੇੜੇ-ਨੇੜੇ  ਆਵੇ
ਕਦੀ  ਦੂਰੋਂ  ਤੱਕੀ ਜਾਵੇ
ਕਦੀ ਵੇਖ ਮੁਸਕਾਵੇ 'ਜਿਵੇਂ'
ਇਸ਼ਕੇ ਦਾ ਚੜ੍ਹਿਆ ਖ਼ੁਮਾਰ ਨੀ
ਇਹ ਕੀ ਹੋ ਗਿਆ ਹੈ ਮੈਨੂੰ
ਦੱਸ ਦਿਓ ਮੇਰੀ ਸਖੀਓ ਨੀ
ਇਹ ਕੀ ਹੋ ਗਿਆ ਹੈ ਮੈਨੂੰ

❁❁❁

# ਚਾਹਤ

ਚਾਹਤ ਮੇਰੀ ਸਾਹਮਣੇ ਮੇਰੇ
ਆਜਾ ਖ਼ੁਦਾ ਤੂੰ ਬਣਕੇ
ਵੇਖੀ ਜਾਵਾਂ ਸੂਰਤ ਤੇਰੀ
ਇੱਕ ਟੱਕ ਮੈਂ ਬੁੱਤ ਬਣ ਕੇ
ਕੋਲ ਤੇਰੇ ਮੈਂ ਬੈਠੀ ਰਵਾਂ
ਇੱਕ ਪਲ ਜੁਦਾ ਨਾ ਹੋਵਾਂ
ਸਾਹਮਣੇ ਬੈਠੀ ਗ਼ਮ ਦੀ ਚਾਦਰ
ਨਾਲ ਹੰਝੂਆਂ ਦੇ ਧੋਵਾਂ
ਪਿਆਰ ਕਰਾਂ ਤੈਨੂੰ ਐਨਾ ਜ਼ਿਆਦਾ
ਜਿਸਦੀ ਨਾ ਕੋਈ ਹੱਦ ਹੋਵੇ
ਤੂੰ ਹੀ ਮੇਰਾ ਸਕਾ ਸਕੇਲੀ
ਤੂੰ ਹੀ ਮੇਰਾ ਰੱਬ ਹੋਵੇ

ਸ਼ਰਾਰਤ ਨਾਲ ਤੇਰੇ ਅਸੀਂ ਕਰਕੇ ਤੈਨੂੰ ਚੌਂਕਾ ਗਏ
ਆਵਾਜ਼ ਤੇਰੀ ਸੁਣ ਕੇ ਫਿਰ ਆਪੇ ਸ਼ਰਮਾ ਗਏ

ਲਬ ਖੁਲੇ ਵੀ ਨਾ ਕਿ ਅਸੀਂ ਥੋੜਾ ਘਬਰਾ ਗਏ
ਸ਼ੱਕ ਵਿੱਚ ਪਾਕੇ ਅਸੀਂ ਤੈਨੂੰ ਸ਼ੱਕ ਵਿੱਚ ਉਲਝਾ ਗਏ

ਅੱਖਾਂ ਵਿੱਚ ਤੇਰੇ ਨਸ਼ਾ ਜਿਹਾ ਕੁੱਝ ਆਇਆ ਸੀ
ਸੋਚਕੇ ਸੋਚਾਂ ਵਿੱਚ ਚੇਹਰਾ ਥੋਹੜਾ ਜਿਹਾ ਮੁਸਕਾਇਆ ਸੀ

ਯਾਦ ਕਿਸੇ ਦੀ ਨੇ ਕੁੱਝ ਪਲ ਲਈ ਦਿਲ ਤੇਰਾ ਧੜਕਾਇਆ ਸੀ
ਕਿਵੇਂ ਭੁਲਾ ਬੈਠੇ ਉਸ ਫੁੱਲ ਨੂੰ, ਜਿਸਨੂੰ ਖ਼ੁਦ ਮਹਿਕਾਇਆ ਸੀ

❁❁❁

# ਰਹਿਬਰ

ਉਹ ਮੇਰੇ ਰਹਿਬਰਾ ਤੂੰ ਇਹ ਕੀ ਜ਼ੁਲਮ ਕਮਾਇਆ
ਮੈਨੂੰ ਦੁਖਿਆਰੀ ਨੂੰ ਤੂੰ ਕਿਉਂ ਬਿਪਤਾ ਵਿੱਚ ਪਾਇਆ

ਮੇਰੀ ਰੂਹ ਉੱਤੇ ਕਿਉਂ ਗ਼ਮ ਦਾ ਬਾਦਲ ਛਾਇਆ
ਮੈਂ ਤਾਂ ਹਾਰ ਗਈ ਤੂੰ ਨਾ ਬੇਦਰਦੀ ਆਇਆ

ਤੇਰੀਆਂ ਉਡੀਕਾਂ ਨੇ ਮੈਨੂੰ ਸੁੱਕਣੇ ਪਾਇਆ
ਵੇ ਬੇ-ਗ਼ੈਰਤਿਆ ਤੈਨੂੰ ਭੋਰਾ ਤਰਸ ਨਾ ਆਇਆ

ਤੇਰੇ ਲਾਰਿਆਂ ਨੇ ਮੈਨੂੰ ਉਲਝਨ ਵਿੱਚ ਪਾਇਆ
ਵਾਅਦਾ ਕਰਕੇ ਵੇ, ਤੂੰ ਬੇਸ਼ਰਮਾ ਨਾ ਆਇਆ

ਬੇ-ਅਹਿਸਾਸਿਆ ਤੈਨੂੰ ਅਹਿਸਾਸ ਨਾ ਆਇਆ
ਮੇਰੀ ਮਜਬੂਰੀ ਦਾ ਤੂੰ ਨਿਰ੍ਹਾ ਮਜ਼ਾਕ ਉਡਾਇਆ

ਉਹ ਮੇਰੇ ਰਹਿਬਰਾ ਤੂੰ ਇਹ ਕੀ ਜ਼ੁਲਮ ਕਮਾਇਆ
ਮੈਨੂੰ ਦੁਖਿਆਰੀ ਨੂੰ ਤੂੰ ਕਿਉਂ ਬਿਪਤਾ ਵਿੱਚ ਪਾਇਆ

❁❁❁

# ਸਿਖਰ ਦੁਪਹਿਰ

ਸਿਖਰ ਦੁਪਿਹਰ ਹਾੜ੍ਹ ਦੀ ਧੁੱਪੇ
ਕੋਮਲ ਹਿਰਦੇ ਸਾੜ੍ਹ ਦੀ ਧੁੱਪੇ
ਜੰਗਲ ਵਿੱਚ ਸਿੱਲੀ ਲੱਕੜ ਵਾਂਗੂ
ਦਿਲ ਮੇਰਾ ਵੀ ਧੁੱਖ ਰਿਹਾ ਹੈ

ਟੁੱਟਿਆ ਆਸਾਂ ਦਾ ਦੀਵਾ ਮੇਰਾ
ਤੂਫ਼ਾਨੀ ਅੰਧੇਰੀ ਰਾਤਾਂ ਦੇ ਵਿੱਚ
ਹੌਲੀ-ਹੌਲੀ ਬੁੱਝ ਰਿਹਾ ਹੈ

ਕਿੱਧਰੇ ਵਾ ਵਲੋਰੇ ਦੀ ਘੁੰਮਣ ਘੇਰੀ
ਮੇਰੇ ਰਾਹਾਂ ਨੂੰ ਆਕੇ ਰੋਕੇ
ਸਾਇਆ ਮੇਰਾ ਮੈਨੂੰ
ਮਾਰ ਅਵਾਜ਼ਾਂ ਪਿੱਛੋਂ ਟੋਕੇ

ਕਿੱਧਰੇ ਗਰਮ ਲੋਵਾਂ ਦੇ ਝੱਖੜ
ਕਿੱਧਰੇ ਮੇਰੇ ਅਰਮਾਨਾਂ ਦੀ ਬੁੱਢੀ ਮਾਈ
ਵੇਖ ਮੇਰੇ ਵੱਲ ਖਿੱਲ-ਖਿੱਲ ਹੱਸੇ

ਮੇਰੇ ਪਿਆਰ ਦੀ ਡੋਰ ਸੀ ਪੱਕੀ
ਹੌਲੀ-ਹੌਲੀ ਕੱਚੀ ਤੰਦ ਵਾਂਗੂੰ
ਟੁੱਟਕੇ ਟੁਕੜੇ-ਟੁਕੜੇ ਹੋ ਗਈ

ਜੰਗਲ ਵਿੱਚ ਮੇਰੀ ਯਾਦਾਂ ਦਾ ਖੂਹ
ਗ਼ਮ ਨਾਲ ਭਰੀਆਂ ਟਿੰਡਾ ਦੇ ਨਾਲ
ਨੱਕੋ-ਨੱਕੀ ਭਰ ਗਿਆ ਹੈ

ਬਣ ਮਦਾਰੀ ਜ਼ਿੰਦਗੀ ਵਿੱਚ ਬੈਠਾ
ਲਹੂ ਮੇਰੇ ਜਜ਼ਬਾਤਾਂ ਦਾ ਕਰਕੇ
ਖੇਲ ਤਮਾਸ਼ਾ ਖੇਲ ਰਿਹਾ ਹੈ

ਫੇਰ ਵੀ ਮੈਂ ਜੰਗਲ ਦੀ ਲੱਕੜੀ
ਸਿੱਲੀ-ਸਿੱਲੀ ਅੱਗ ਦੇ ਅੰਦਰ
ਸਾਰੀ ਉਮਰੇ ਬਲਦੀ ਰਹੀ

❁❁❁

# ਜ਼ਿੰਦਾ ਲਾਸ਼

ਜ਼ਿੰਦਾ ਲਾਸ਼ ਤੇ ਕਫ਼ਨ ਓੜ ਕੇ ਰਾਹਾਂ ਤੇਰੀਆਂ ਵਿੱਚੋਂ ਜਦੋਂ ਗੁਜ਼ਰੇ
ਨਜ਼ਰਾਂ ਸਾਡੀਆਂ ਥੱਕ ਕੇ ਰਹਿ ਗਈਆਂ ਜਦੋਂ ਵੇਖਿਆ ਅਸਾਂ ਮੁੜ-ਮੁੜਕੇ

ਅੱਜ ਅੰਬਰਾਂ ਤੇ ਘਟਾ ਕਾਲੀਆਂ ਕਿਵੇਂ ਚੜ੍ਹ-ਚੜ੍ਹ ਕੇ ਆਈਆਂ
ਇੱਕ ਪਾਸੇ ਬੱਦਲੀ ਰੋਵੇ ਛਮਾਂ-ਛੱਮ ਵੇਖ ਸਾਡੀਆਂ ਅੱਖਾਂ ਵੀ ਭਰ ਆਈਆਂ

ਅੱਜ ਘਟਾਵਾਂ ਨੇ ਸਾਡੀ ਹਾਲਤ ਤੇ ਰੋ-ਰੋ ਕੇ ਸੋਗ ਮਨਾਇਆ
ਗ਼ਮਾਂ ਦੀ ਮਾਰੀ ਲਾਸ਼ ਤੇ ਸਾਡੀ ਗੀਤ ਹਿਜਰ ਦਾ ਗਾਇਆ

ਅਣਜਾਣੇ ਵਿੱਚ ਅਸੀਂ ਦਿਲ ਲੱਗੀ ਤਾਂ ਕਰ ਬੈਠੇ
ਖਾਹ-ਮਖਾਹ ਸ਼ੱਕ ਦੀ ਦਹਿਲੀਜ਼ ਤੇ ਜਾ ਬੈਠੇ
ਵੀਰਾਨੇ ਵਿੱਚ ਇੱਕ ਗੁਲ ਖਿਲਾਣਾ ਚਾਹਿਆ ਸੀ
ਪਤਝੜ੍ਹ ਵਿੱਚ ਉਮੀਦ ਬਸੰਤ ਦੀ ਲਗਾ ਬੈਠੇ

❁❁❁

# ਪੱਥਰ ਦਿਲ

ਇੱਕ ਪਾਸੇ ਪਿਆ ਸਾਵਣ ਰੋਵੇ
ਇੱਕ ਪਾਸੇ ਚੰਦਰਾ ਦਿਲ
ਇੱਕ ਟੱਕ ਬੈਠੀ ਤੇਰੀ ਸੂਰਤ ਤੱਕਾਂ
ਥੋੜ੍ਹਾ ਜਿਹਾ ਜੋ ਜ਼ਰਾ ਹਿੱਲ
ਵੇ ਅੜਿਆ......ਥੋੜ੍ਹਾ ਤੇ ਜ਼ਰਾ ਹਿੱਲ
ਇੱਕ ਪਾਸੇ ਪਿਆ ਸਾਵਣ ਰੋਵੇ
ਇੱਕ ਪਾਸੇ ਚੰਦਰਾ ਦਿਲ
ਹਾਏ ਇੱਕ ਪਾਸੇ ਚੰਦਰਾ ਦਿਲ

ਪੱਥਰ ਦਿਲ ਤੂੰ ਕਿਉਂ ਬਣ ਬੈਠਾ
ਕਿਉਂ ਢਾਂਵੇ ਸਾਡੇ ਤੇ ਸਿਤਮ
ਪੂਜਦੀ ਗਰ ਐਨਾ ਪੱਥਰ
ਉਹ ਵੀ ਜਾਂਦਾ ਪਿਘਲ
ਵੇ ਅੜਿਆ ਉਹ ਵੀ ਜਾਂਦਾ ਪਿਘਲ
ਇੱਕ ਪਾਸੇ ਪਿਆ ਸਾਵਣ ਰੋਵੇ
ਇੱਕ ਪਾਸੇ ਚੰਦਰਾ ਦਿਲ
ਹਾਏ ਇੱਕ ਪਾਸੇ ਚੰਦਰਾ ਦਿਲ

ਕਿਉਂ ਐਨਾ ਖ਼ੁਦਗਰਜ਼ੀ ਬਣ ਗਿਉਂ
ਅਸਾਂ ਕੀਤਾ ਕੀ ਐਸਾ ਕਰਮ
ਖੋਲ ਪਟਾਰੀ ਦਿਲ ਆਪਣੇ ਦੀ
'ਦੱਸ' ਕੀ ਹੈ ਤੈਨੂੰ ਸ਼ਿਕਨ
ਸਾਡੇ ਨਾਲ ਕੀ ਹੈ ਤੈਨੂੰ ਸ਼ਿਕਨ
ਇੱਕ ਪਾਸੇ ਪਿਆ ਸਾਵਨ ਰੋਵੇ
ਇੱਕ ਪਾਸੇ ਚੰਦਰਾ ਦਿਲ
ਹਾਏ ਇੱਕ ਪਾਸੇ ਚੰਦਰਾ ਦਿਲ

❁❁❁

# ਗੀਤ

ਪਿਆਰ ਤੇਰਾ ਮੈਂ ਵੇਖਕੇ
ਛੂਈ-ਮੂਈ ਹੋ ਗਈ
ਵਿੱਚ ਖ਼ਿਆਲਾਂ ਬੈਠੀ ਪਾ ਕੇ
ਰੰਗ ਬਸੰਤੀ ਖੋ ਗਈ
ਪਿਆਰ ਤੇਰਾ ਮੈਂ ਵੇਖਕੇ

ਤੇਰੇ ਬਿਨਾਂ ਮੈਂ ਬੈਠ ਇਕੱਲੀ
ਯਾਦਾਂ ਨੂੰ ਕਰ ਤਾਜ਼ਾ
ਨਾਲ ਯਾਦਾਂ ਦੇ ਵਿੱਚ ਬੈਠੀ
ਮੁਸਕਾਵਾਂ ਤੂੰ ਵੀ ਆਜਾ
ਤੇਰੇ ਬਿਨਾਂ ਹੁਣ ਜੀ ਨਹੀਂ ਲੱਗਦਾ
ਮੈਂ ਤੇਰੀ ਹੋ ਗਈ
ਪਿਆਰ ਤੇਰਾ ਮੈਂ ਵੇਖਕੇ
ਛੂਈ-ਮੂਈ ਹੋ ਗਈ
ਪਿਆਰ ਤੇਰਾ ਮੈਂ ਵੇਖਕੇ

ਇਰਦ-ਗਿਰਦ ਮੇਰੇ ਸੁੰਨਮਸਾਣਾ
ਵਿੱਚ ਸਾਂ-ਸਾਂ ਪਈ ਹੋਵੇ
ਬੈਠ ਇਕੱਲੀ ਡਰ ਨਾਲ ਮੇਰਾ
ਦਿਲ ਖਾਵੇ ਹਿਚਕੋਲੇ
ਕਰ-ਕਰਕੇ ਉਡੀਕਾਂ ਨਜ਼ਰ ਮੇਰੀ
ਦੂਰ-ਦੂਰ ਤੱਕ ਗਈ
ਪਿਆਰ ਤੇਰਾ ਮੈਂ ਵੇਖਕੇ
ਛੂਈ ਮੂਈ ਹੋ ਗਈ
ਵਿੱਚ ਖ਼ਿਆਲਾਂ ਬੈਠੀ ਪਾਕੇ
ਰੰਗ ਬਸੰਤੀ ਖੋ ਗਈ
ਪਿਆਰ ਤੇਰਾ ਮੈਂ ਵੇਖਕੇ

❁❁❁

# ਸਾਡਾ ਦਿਲ

ਜੇ ਤੂੰ ਸਾਨੂੰ ਤੜਪਾਇਆ
ਸਾਡੇ ਦਿਲ ਨੂੰ ਦੁਖਾਇਆ
ਤੇਰੇ ਦਿਲ ਨੂੰ ਤੇਰੇ ਵੀ ਤੜਪਾਉਣਗੇ
ਬੁੱਕ ਭਰਕੇ ਅੱਖਾਂ 'ਚ ਘੱਟਾ ਪਾਉਣਗੇ

ਸਾਡਾ ਪਿਆਰ ਬੜਾ ਅਨਮੋਲ ਵੇ
ਸਾਡੀ ਸਾਦਗੀ ਦੇਵੀ ਨਾ ਕਿਤੇ ਰੋਲ ਵੇ
ਜ਼ਹਿਰ ਪਿਆਰ 'ਚ ਦੇਵੀਂ ਨਾ ਕਿਤੇ ਘੋਲ ਵੇ
ਕਹਿਰ ਸਾਡੀ ਵਫ਼ਾ ਤੇ ਕਿਤੇ ਢਾਈ ਨਾ
ਤੇਰੇ ਆਪਣੇ ਤੇਰੇ ਤੇ ਕਹਿਰ ਢਾਉਣਗੇ
ਬੁੱਕ ਭਰਕੇ ਅੱਖਾਂ 'ਚ ਘੱਟਾ ਪਾਉਣਗੇ

ਸ਼ੱਕ ਕਦੀ ਵੀ ਕਰੀਂ ਨਾ ਸਾਡੇ ਪਿਆਰ ਤੇ
ਜ਼ਹਿਰ ਪੀ ਲਵਾਂਗੇ ਜ਼ਿੰਦਗੀ ਤੋਂ ਹਾਰ ਕੇ
ਸਾਡੇ ਪਿਆਰ ਦਾ ਉਡਾਵੀਂ ਨਾ ਮਜ਼ਾਕ ਵੇ
ਮਜ਼ਾਕ ਜੱਗ 'ਚ ਤੇਰਾ ਉਹ ਵੀ ਉਡਾਉਣਗੇ
ਤੇਰੇ ਦਿਲ ਨੂੰ ਵੀ ਤੇਰੇ ਤੜਪਾਉਣਗੇ
ਬੁੱਕ ਭਰਕੇ ਅੱਖਾਂ 'ਚ ਘੱਟਾ ਪਾਉਣਗੇ

❁❁❁

# ਮੁੰਡੇ

ਮੁੰਡੇ ਕਰਨ ਕਲੋਲ ਜਦੋਂ ਕੁੜੀਆਂ ਨੂੰ
ਕੁੜੀਆਂ ਦਾ ਨਿਕਲੇ ਹਾਸਾ
ਕੋਈ ਨਿੰਮਾ-ਨਿੰਮਾ ਹੱਸੇ
ਕੋਈ ਅੱਖ ਕਿਸੇ ਤੇ ਰੱਖੇ
ਕੋਈ ਲੰਘਦੀ ਮਾਰਕੇ ਪਾਸਾ

ਰਹਿਣ ਸਦਾ ਮਸ਼ਹੂਰ
ਹੀਰੋ ਪੰਤੀ ਦਾ ਗਰੂਰ
ਜ਼ਾਤ ਇਨ੍ਹਾ ਦੀ ਲੰਗੂਰ
ਇੱਕ ਡਾਲ ਤੇ ਨਾ ਬਹਿੰਦੇ
ਰਹਿਣਾ ਸਦਾ ਦੂਰ-ਦੂਰ
ਇੱਕ ਦੂਜੀ ਨੂੰ ਦੇਂਦੀਆਂ ਦਲਾਸਾ

ਇੱਕ ਪਲ ਵਿੱਚ ਲਉਂਦੇ ਦਸ-ਦਸ ਗੇੜੀਆਂ
ਇਨ੍ਹਾਂ ਵੇਹਲਿਆਂ ਨੂੰ ਆਉਣ ਗੱਲਾਂ ਵੀ ਬਥੇਰੀਆਂ
ਜਦੋਂ ਮਾਰਦੇ ਠਹਾਕਾ ਦੂਰੋਂ ਕਰਦੇ ਖੜਾਕਾ
ਕੁੜੀਆਂ ਦਾ ਨਿੱਕਲੇ ਹਾਸਾ

ਹੁਸਣਾ ਨੂੰ ਲਾਕੇ ਨੀਝਾਂ ਦੂਰੋਂ ਤੱਕਦੇ
ਟੌਂਟ ਕੱਸ-ਕੱਸ ਨਾ ਇਹ ਭੈੜੇ ਥੱਕਦੇ
ਇੱਕ ਛੱਡ ਦੂਜੀ ਉੱਤੇ ਅੱਖ ਰੱਖਦੇ
ਹਰ ਵੇਲੇ ਪਾਈ ਰੱਖਦੇ ਸਿਆਪਾ

ਪਾਰਟੀਆਂ ਵਿੱਚ ਬੈਠ ਪੀਣ ਵੋਟਕਾ
ਕੰਮ ਇਨ੍ਹਾਂ ਵੇਹਲੇ ਆਸ਼ਕਾਂ ਦਾ ਰੋਜ਼ ਦਾ
ਕਦੀ ਕਰਨ ਕਮਾਲ, ਕਦੀ ਕਰਨ ਧਮਾਲ
ਭਾਵੇਂ ਪੁਲਿਸ ਦਾ ਪੈ ਜਾਏ ਛਾਪਾ

❁❁❁

# ਗੀਤ

ਨੀ ਮੈਨੂੰ ਤੱਕਿਆ ਨਾ ਕਰ
ਐਵੇਂ ਹੱਸਿਆ ਨਾ ਕਰ
ਤੈਨੂੰ ਹੱਸਦੀ ਵੇਖ ਮੇਰਾ ਦਿਲ ਡੋਲਦਾ
ਫਿਰ ਹੌਲੀ-ਹੌਲੀ ਆਈ ਲਵ ਯੂ ਬੋਲਦਾ

ਤੂੰ ਜਦੋਂ ਮੋਰਨੀ ਦੇ ਵਾਂਗ ਤੁਰੀ ਜਾਵੇਂ ਪੈਲਾਂ ਪਾਂਦੀ
ਗੁੱਤ ਸਪਨੀ ਦੇ ਵਾਂਗ ਤੇਰੀ ਸੋ-ਸੋ ਬਲ ਖਾਂਦੀ
ਖਾਂਦੀ ਸੋ-ਸੋ ਬਲ ਗੁਤ ਨੂੰ ਮੈਂ ਜਦ ਖੋਲਦਾ
ਫਿਰ ਹੌਲੀ-ਹੌਲੀ ਆਈ ਲਵ ਯੂ ਬੋਲਦਾ

ਬੂਟੇ ਪੀਲੀ-ਪੀਲੀ ਸਰਸੋਂ ਦੇ ਪਏ ਲਹਿਰਾਉਂਦੇ
ਵੇਖ ਹੁਸਨ ਤੇਰੇ ਤੇ ਜਿਵੇਂ ਗੀਤ ਕੋਈ ਗਾਉਂਦੇ
ਤੇਰੇ ਖੇਤਾਂ ਵਿੱਚ ਲੱਗੇ ਕੋਈ ਪਪੀਹਾ ਬੋਲਦਾ
ਇਹ ਤਾਂ ਬਾਰ-ਬਾਰ ਆਈ ਲਵ ਯੂ ਬੋਲਦਾ

ਸਿੱਟੇ ਚੁੱਗਦੀ ਜਦੋਂ ਤੂੰ ਮੇਰੇ ਖੇਤਾਂ ਵੱਲ ਆਵੇਂ
ਸੁਪਨੇ 'ਚ ਵੱਟ ਮੇਰੀ ਤੇ ਤੂੰ ਪੈਰ ਜਦੋਂ ਪਾਵੇਂ
ਤੇਰੇ ਪੈਰਾਂ ਦੀਆਂ ਝਾਂਜਰਾਂ ਮੈਂ ਜਦ ਖੋਲਦਾ
ਇਹ ਤਾਂ ਫਿਰ ਹੌਲੀ-ਹੌਲੀ ਆਈ ਲਵ ਯੂ ਬੋਲਦਾ

ਦਿਲ ਮੇਰੇ ਵਿੱਚ ਪਿਆਰ ਦੀ ਤੂੰ ਜੋਤ ਜੋ ਜਗਾਈ
ਜੱਗ ਵਿੱਚ ਨਾ ਕਰੀਂ ਤੂੰ ਕਿਤੇ ਇਹਦੀ ਰੁਸਵਾਈ
ਪਿਆਰ ਵਾਲੀ ਇਹ ਤੰਦ ਨੂੰ ਨਾ ਮੈਂ ਤੋੜਦਾ
ਕਿਉਂਕਿ ਇਹ ਤਾਂ ਬਾਰ-ਬਾਰ ਆਈ ਲਵ ਯੂ ਬੋਲਦਾ

❁❁❁

# ਗੀਤ

ਕਾਹਨੂੰ ਮੈਂ ਤੇਰੇ ਨਾਲ ਪਾਈਆਂ ਵੇ ਮੁਹੱਬਤਾਂ
ਮੈਂ ਉਲਝ ਗਈ ਵੇ ਪਾਕੇ ਤੇਰੇ ਨਾਲ ਮੁਹੱਬਤਾਂ

ਮੁਹੱਬਤਾਂ ਕੀ ਪਾਈਆਂ ਅਸਾਂ ਰੋਗ ਐਸਾ ਲਾ ਲਿਆ
ਜਿੰਦ ਨਿਮਾਣੀ ਨੂੰ ਅਸਾਂ ਦਾਉ ਉੱਤੇ ਲਾ ਲਿਆ
ਸ਼ਰਮੀਲੇ ਜਿਹੇ ਦਿਲ ਨੂੰ ਅਸਾਂ ਸੂਲੀ ਤੇ ਚੜ੍ਹਾ ਲਿਆ
ਗਲ ਆਪਣੇ 'ਚ ਹਾਰ ਹੰਝੂਆਂ ਦਾ ਪਾ ਲਿਆ
ਮੈਂ ਉਲਝ ਗਈ ਵੇ ਪਾਕੇ ਤੇਰੇ ਨਾਲ ਮੁਹੱਬਤਾਂ
ਕਾਹਨੂੰ ਮੈਂ ਤੇਰੇ ਨਾਲ ਪਾਈਆਂ ਵੇ ਮੁਹੱਬਤਾਂ

ਮੁਹੱਬਤਾਂ ਦਾ ਰੋਗ ਖਾਵੇ ਘੁਣ ਵਾਂਗੂੰ ਜ਼ਿੰਦਗੀ 'ਚ
ਪੈ ਗਈਆਂ ਤਰੇੜਾਂ ਸਾਡੇ ਨਾਜ਼ੁਕ ਜਿਹੇ ਸੀਨੇ ਵਿੱਚ
ਸੋਹਣੇ ਜਿਹੇ ਦਿਲ ਨੂੰ ਅਸਾਂ ਕਿਵੇਂ ਉਲਝਾ ਲਿਆ
ਦੇਕੇ ਇਹਨੂੰ ਧੋਖਾ ਅਸਾਂ ਰੋਗ ਐਸਾ ਲਾ ਲਿਆ
ਮੈਂ ਉਲਝ ਗਈ ਵੇ ਪਾਕੇ ਤੇਰੇ ਨਾਲ ਮੁਹੱਬਤਾਂ

❁❁❁

# ਗੀਤ

ਸੋਹਣੀਏ ਆਜਾ ਨੀ
ਹੀਰੀਏ ਆਜਾ ਨੀ
ਮੇਰੇ ਸੁਪਨੇ ਵਿੱਚ ਕਿਉਂ ਆ ਗਈ
ਕਿਉਂ ਯਾਦਾਂ ਮੇਰੀਆਂ ਤੇ ਛਾ ਗਈ
ਸੋਹਣੀਏ ਆਜਾ ਨੀ
ਹੀਰੀਏ ਆਜਾ ਨੀ
ਤੇਰੇ ਪਿਆਰ ਦੀਆਂ ਸੁਣ ਗੱਲਾਂ ਨੀ ਮੈਂ ਪਾਗਲ ਹੋਇਆ
ਹਿਜਰ ਤੇਰੇ ਦੇ ਵਿੱਚ ਸਜਨੀ ਮੈਂ ਤਾਂ ਬੜਾ ਰੋਇਆ
ਤੂੰ ਪਾਕੇ ਪਿਆਰ ਮੇਰੇ ਨਾਲ ਮੈਨੂੰ ਕਿਉਂ ਉਲਝਾ ਗਈ
ਸੋਹਣੀਏ ਆਜਾ ਨੀ
ਹੀਰੀਏ ਆਜਾ ਨੀ
ਮੇਰੇ ਬਾਗ਼ਾਂ ਦੀ ਬਣ ਮੋਰਨੀ ਬਾਗ਼ਾਂ ਵਿੱਚ ਆਜਾ
ਮੈਂ ਬੀਣ ਵਜਾਵਾਂ ਆਪਣੀ ਤੂੰ ਬੀਨ ਮੇਰੀ ਤੇ ਛਾ ਜਾ
ਤੇਰੇ ਕਦਮਾਂ ਦੀ ਆਹਟ ਕਿਉਂ ਮੈਨੂੰ ਵਿੱਚ ਭੁਲੇਖੇ ਪਾ ਗਈ
ਸੋਹਣੀਏ ਆਜਾ ਨੀ
ਹੀਰੀਏ ਆਜਾ ਨੀ
ਛੰਮ-ਛੰਮ-ਛੰਮ ਤੇਰੀ ਪਾਇਲ ਨੇ ਕਿਉਂ ਸ਼ੋਰ ਮਚਾਇਆ
ਛੰਨ-ਛੰਨ-ਛੰਨ ਤੇਰੀਆਂ ਵੰਗਾਂ ਨੇ ਦਿਲ ਨੂੰ ਧੜਕਾਇਆ
ਛੰਮ-ਛੰਮ-ਛੰਮ ਤੇ ਪਾਇਲ ਮੇਰੀਆਂ ਨੀਂਦਾ ਨੂੰ ਕਿਉਂ ਉੜਾ ਗਈ

❁❁❁

# ਮੇਰੀ ਲਾਸ਼

ਮੇਰੀ ਲਾਸ਼ ਤੇ ਨਾ ਅਜੇ ਤੀਕ ਕੋਈ ਰੋਇਆ
ਬਲਦੀ ਚਿਤਾ ਨੂੰ ਵੇਖ ਮੇਰੀ
ਹਰ ਕੋਈ ਡੂੰਘੀਆਂ ਸੋਚਾਂ ਵਿੱਚ ਖੋਇਆ

ਜਦੋਂ ਬਲਦੀ ਚਿਤਾ ਨੂੰ ਛੱਡ ਸਭ ਜਾਣ ਲੱਗੇ
ਚੀਖ-ਚੀਖ ਰੂਹ ਮੇਰੀ ਪੁਕਾਰਦੀ ਰਹੀ
ਪਿੱਛੇ ਮੁੜਕੇ ਨਾ ਕਿਸੇ ਵੇਖਿਆ ਸੀ
ਮੈਂ ਤਤੱੜੀ ਵਾਂਗ ਪਾਗਲਾਂ ਕੁਰਲਾਂਵਦੀ ਰਹੀ

ਭੁੱਲਾ ਭਟਕਿਆ ਕੋਈ ਚਿਤਾ ਕੋਲ ਆ ਬੈਠਾ
ਕਹਿਣ ਲੱਗਾ ਤੂੰ ਕਿਉਂ ਇੱਕਲੀ ਟੁਰ ਗਈ ਏਂ
ਵਾਅਦਾ ਕੀਤਾ ਸੀ ਇਕੱਠੇ ਜਾਣਦਾ ਤੂੰ
ਆਪਣੇ ਵਾਅਦੇ ਤੋਂ ਕਿਉਂ ਤੂੰ ਫਿਰ ਗਈਏਂ

ਵਾਅਦਾ ਮੈਂ ਤਾਂ ਸੀ ਹਰ ਹਾਲ ਨਿਭਾਇਆ
ਚਮਕਦੀ ਦਮਕਦੀ ਦੁਨੀਆਂ ਦੀ ਲੀਹ ਉੱਤੇ
ਚਲਦਿਆਂ ਤੈਨੂੰ ਨਾ ਮੇਰਾ ਖ਼ਿਆਲ ਆਇਆ
ਆਖ਼ਰੀ ਵਕਤ ਤੇ ਵਾਅਦੇ ਯਾਦ ਕਰਨ ਵਾਲਿਆ
ਭਲਾ ਹੋ ਤੇਰਾ ਜੋ ਅੱਜ ਤੈਨੂੰ ਮੇਰਾ ਖ਼ਿਆਲ ਆਇਆ

❁❁❁

# ਗ਼ਮ

ਗ਼ਮ ਅੱਖਾਂ ਰਾਹੀਂ ਵਗ ਰਿਹਾ ਨੀਰ ਬਣਕੇ
ਤੂੰ ਮੇਰੀ ਜ਼ਿੰਦਗੀ 'ਚ ਆਜਾ ਹੀਰ ਬਣਕੇ

ਮੈਂ ਉਡੀਕਾਂ ਕਰ-ਕਰਕੇ ਥੱਕ ਗਿਆ
ਤੂੰ ਸੁਪਨੇ 'ਚ ਆਜਾ ਮੇਰੀ ਤਕਦੀਰ ਬਣਕੇ

ਤੇਰੇ ਬਿਨਾ ਮੇਰਾ ਹਾਲ ਹੈ ਬੇਹਾਲ ਸੱਜਨਾ
ਕਦੀ ਤੇ ਆਕੇ ਫੇਰਾ ਪਾ ਜਾ ਮੇਰੇ ਅੰਗਨਾ

ਤੂੰ ਮੈਥੋਂ ਦੂਰ ਹੋਕੇ ਈਦ ਦਾ ਚੰਦ ਹੋ ਗਿਆ
ਕਦੀ ਤੇ ਰਾਹ ਵਿੱਚ ਮਿਲ ਰਾਹਗੀਰ ਬਣਕੇ

ਜਦੋਂ ਦਾ ਅੱਖੀਆਂ ਤੋਂ ਚੰਨਾ ਤੂੰ ਦੂਰ ਹੋ ਗਿਆ
ਵੇਹੜਾ ਵੀ ਤੇਰੇ ਬਿਨਾਂ ਮੇਰਾ ਮਗਰੂਰ ਹੋ ਗਿਆ

ਬਨੇਰੇ ਮੇਰੇ ਉੱਤੇ ਕਾਂ ਆਕੇ ਰੋਜ਼ ਬੋਲਦਾ
ਕਦੀ ਤੇ ਆਜਾ ਮੇਰੇ ਸਾਹਮਣੇ ਤਸਵੀਰ ਬਣਕੇ

ਗ਼ਮ ਅੱਖਾਂ ਰਾਹੀਂ ਵਗ ਰਿਹਾ ਨੀਰ ਬਣਕੇ
ਤੂੰ ਮੇਰੀ ਜ਼ਿੰਦਗੀ 'ਚ ਆਜਾ ਹੀਰ ਬਣਕੇ

❁❁❁

# ਮੁਕਲਾਵਾ

ਸਈਓ ਨੀ ਮੇਰੇ ਮਾਹੀਏ ਆਉਣਾ ਲੈਣ ਮੇਰਾ ਮੁਕਲਾਵਾ
ਗਲ ਵਿੱਚ ਗਾਨਾ ਝੁਮਕੀਆਂ ਵਾਲਾ ਸ਼ਗਨਾ ਵਾਲਾ ਪਹਿਰਾਵਾ

ਦੁਲਹਨ ਵਾਂਗ ਸਜ਼ਾ ਦਿਓ ਮੈਨੂੰ ਪਾਕੇ ਗਹਿਣੇ ਗੱਟੇ
ਪੈਰਾਂ ਦੇ ਵਿੱਚ ਝਾਂਜਰ ਛਣਕੇ ਤੁਰਾਂ ਜਦ ਪਿੱਛੇ-ਪਿੱਛੇ
ਪਾ ਗਲੇ ਵਿੱਚ ਬਾਹਾਂ ਪੀਂਦਾ ਪਿਆਰ ਮੇਰੇ ਦਾ ਕਾਹਵਾ
ਸਈਓ ਨੀ ਮੇਰੇ ਮਾਹੀਏ ਆਉਣਾ ਲੈਣ ਮੇਰਾ ਮੁਕਲਾਵਾ
ਗਲ ਵਿੱਚ ਗਾਨਾ ਝੁਮਕੀਆਂ ਵਾਲਾ ਸ਼ਗਨਾ ਵਾਲਾ ਪਹਿਰਾਵਾ

ਰਾਤ ਚਾਨਣੀ ਦੇ ਵਿੱਚ ਮੇਰਾ ਲੌਂਗ ਮਾਰੇ ਲਿਸ਼ਕਾਰੇ
ਆਸਮਾਨ ਤੇ ਚਮਕਣ ਤਾਰੇ ਬਣ ਬਰਾਤੀ ਸਾਰੇ
ਮੈਂ ਘਬਰਾ ਗਈ ਵਿੱਚ ਸਾਰਿਆਂ ਹੋ ਗਈ ਲਾਰਾ-ਲਾਰਾ
ਸਈਓ ਨੀ ਮੇਰੇ ਮਾਹੀਏ ਆਉਣਾ ਲੈਣ ਮੇਰਾ ਮੁਕਲਾਵਾ
ਗਲ ਵਿੱਚ ਗਾਨਾ ਝੁਮਕੀਆਂ ਵਾਲਾ ਸ਼ਗਨਾਂ ਵਾਲਾ ਪਹਿਰਾਵਾ

❁❁❁

# ਪੀਂਘ

ਲਵਾਂ ਪੀਂਘ ਦੇ ਹੁਲਾਰੇ ਯਾਦਾਂ ਤੇਰੀਆਂ ਦੇ ਵਿੱਚ
ਸੱਚੀ-ਮੁੱਚੀ ਜਦੋਂ ਸਾਹਮਣੇ ਤੂੰ ਆਵੇਂ ਸੱਜਨਾ
ਅੱਖ ਮੇਰੀ ਸ਼ਰਮਾਕੇ ਝੁੱਕ ਜਾਵੇ ਸੱਜਨਾ
ਮੈਂ ਤਾਂ ਸ਼ਰਮ-ਸ਼ਰਮ ਗਈ ਤੈਥੋਂ ਸੱਜਨਾ
ਲਵਾਂ ਪੀਂਘ ਦੇ ਹੁਲਾਰੇ..................

ਵੇਖ ਨਿੰਮਾਂ-ਨਿੰਮਾਂ ਜਦੋਂ ਮੁਸਕਾਵੇਂ ਬੁੱਲੀਆਂ 'ਚ
ਸਾਹਾਂ ਮੇਰਿਆਂ 'ਚ ਕੁੱਝ-ਕੁੱਝ ਹੋਣ ਲੱਗਦਾ
ਚੇਹਰੇ ਤੇਰੇ ਤੇ ਪਿਆਰ ਦਾ ਸਵੇਰਾ ਵੇਖਕੇ ਤਾਂ
ਗੁਲ ਟਹਿਣੀਆਂ ਸਮੇਤ ਲਹਿਰਾਉਂਣ ਲੱਗਦਾ
ਲਵਾਂ ਪੀਂਘ ਦੇ ਹੁਲਾਰੇ.....................

ਹਾਲ ਦਿਲ ਆਪਣੇ ਦਾ ਮੈਂ ਸੁਨਾਣਾ ਜਦੋਂ ਚਾਹਾਂ
ਗੱਲਾਂ-ਗੱਲਾਂ ਵਿੱਚ ਮੈਨੂੰ ਉਲਝਾਵੇਂ ਸੱਜਨਾ
ਖਣਕ ਤੇਰੇ ਹਾਸਿਆਂ ਦੀ ਦਿਖੇ ਮੇਰੇ ਹਾਸਿਆਂ 'ਚ
ਹਾਸੇ-ਹਾਸੇ 'ਚ ਮੈਂ ਤੈਥੋਂ ਗਈ ਹਾਰ ਸੱਜਨਾ
ਲਵਾਂ ਪੀਂਘ ਦੇ ਹੁਲਾਰੇ.....................

❁❁❁

# ਦਰਖ਼ਤ ਅੰਬ ਦਾ

ਪੇੜਾਂ ਅੰਬਾਂ ਦਿਆਂ ਉੱਤੇ ਇੱਕ ਕੋਇਲੀਆ ਬੋਲੇ
ਕੰਨਾਂ ਮੇਰਿਆਂ 'ਚ ਮਿੱਠਾ-ਮਿੱਠਾ ਰਸ ਜਿਹਾ ਘੋਲੇ

ਅੰਬ ਦੇ ਪੇੜ ਉੱਤੇ ਪੀਂਘ ਆ ਪਵਾਈ ਨੀ
ਆਕੇ ਝੂਟੇ ਲੈ-ਲੈ ਨਹੀਂ ਤਾਂ ਸਾਡੀ ਰੁਸਵਾਈ ਨੀ
ਫਿਰ ਰੁੱਸੇ ਹੁਏ ਯਾਰ ਨੂੰ ਮਨਾਈ ਜੰਡ ਉਰਲੇ
ਪੇੜਾਂ ਅੰਬਾਂ ਦਿਆਂ ਉੱਤੇ ਇੱਕ ਕੋਇਲੀਆ ਬੋਲੇ
ਕੰਨਾਂ ਮੇਰਿਆਂ 'ਚ ਮਿੱਠਾ-ਮਿੱਠਾ ਰਸ ਜਿਹਾ ਘੋਲੇ

ਸਾਉਣ ਦੀ ਬਹਾਰ ਟੁਰ ਚੱਲੀਏ ਨੀ ਸੋਹਣੀਏ
ਪਾਇਲ ਛਣਕਾਂਦੀ ਜ਼ਰਾ ਆ ਜਾ ਨੀ ਤੂੰ ਸੋਹਣੀਏ
ਬੱਦਲਾਂ ਸਾਵਣ ਦਿਆਂ ਨੇ ਵੀ ਘੁੰਡ ਖੋਲੇ
ਪੇੜਾਂ ਅੰਬਾਂ ਦਿਆਂ ਉੱਤੇ ਇੱਕ ਕੋਇਲੀਆ ਬੋਲੇ
ਕੰਨਾਂ ਮੇਰਿਆਂ ਮਿੱਠਾ-ਮਿੱਠਾ ਰਸ ਜਿਹਾ ਘੋਲੇ

ਆਸਾਂ ਦਾ ਬਲੰਬਰੀ ਰੁਮਾਲ ਤੂੰ ਜੋ ਕੱਢਿਆ
ਸਮਝ ਪਿਆਰ ਦੀ ਨਿਸ਼ਾਨੀ ਕਿੱਲੀ ਟੰਗਿਆ
ਉੱਡ ਛੁਪਿਆ ਉਹ ਤੇਰੀ ਕੱਚੀ ਕੰਧ ਉਹਲੇ
ਪੇੜ੍ਹਾਂ ਅੰਬਾਂ ਦਿਆਂ ਉੱਤੇ ਇੱਕ ਕੋਇਲੀਆ ਬੋਲੇ
ਕੰਨਾਂ ਮੇਰਿਆ 'ਚ ਮਿੱਠਾ-ਮਿੱਠਾ ਰਸ ਜਿਹਾ ਘੋਲੇ

❁❁❁

# ਨਸ਼ੇ ਤਿਆਗ ਕੇ ਖ਼ੁਸ਼ੀ ਮਨਾਈਏ

ਇੱਕ ਦਿਲ ਕਰਦਾ ਮੈਂ ਸੋ ਜਾਵਾਂ
ਇੱਕ ਦਿਲ ਕਰਦਾ ਇਸ ਭੀੜ-ਭੱੜਕੀ
ਦੁਨੀਆਂ ਦੇ ਵਿੱਚ ਖੋ ਜਾਵਾਂ
ਨਾ ਕੋਈ ਮੈਨੂੰ ਲੱਭਣ.........ਆਵੇ
ਨਾ ਕੋਈ ਮੈਨੂੰ ਕੋਲ ਬਠਾਵੇ
ਗ਼ਮ ਦੀ ਚਾਦਰ ਉੱਤੇ ਲੈ ਮੈਂ
ਸੁਪਨਿਆਂ ਦੇ ਵਿੱਚ ਖੋਂਦਾ ਜਾਵਾਂ

ਬਿਸਤਰ ਮੇਰਾ ਮੈਨੂੰ ਵੇਖ ਸ਼ਰਾਬੀ
ਹੌਕੇ ਭਰ-ਭਰ.........ਰੋਵੇ
ਲਾਹਨਤ ਪਾਵੇ ਹਰ ਪਲ ਮੈਨੂੰ
ਭਾਰ ਮੇਰਾ ...... ਜਦ...... ਢੋਵੇ
ਨਾ ਕੋਈ ਉੱਪਰ ਨਾ ਕੋਈ ਥੱਲੇ
ਨਾ ਕੋਈ ਸੱਜੇ.........ਖੱਬੇ
ਨਸ਼ਿਆਂ ਦੇ ਨਾਲ ਮੇਰੀ ਯਾਰੀ
ਹੁਣ ਕਿਉਂ ਕੋਈ ਮੈਨੂੰ ਫੱਬੇ

ਨਾ ਰੱਖ ਆਸਾਂ ਗ਼ੈਰਾਂ ਕੋਲੋਂ
ਕੰਮ ਕਿਸੇ ਨ ਹੀਂ ਆਉਣਾ
ਨਾ ਹੀ ਲੈਣੀ ਤੇਰੀ ਸਾਰ ਕਿਸੇ ਨੇ
ਨਾ ਹੀ ਗਲ ਨਾਲ ਲਾਉਣਾ

ਕੀ ਦੱਸਾਂ ਤੈਨੂੰ ਯਾਰ ਮੈਂ ਆਪਣੀ
ਦੁਨੀਆਂ ਤੋਂ ਨਜ਼ਰ ਬਚਾਕੇ
ਕੀ ਦੱਸਾਂਗੇ ਜਾਕੇ ਉਸਨੂੰ
ਅਸੀਂ ਆਏ ਹਾਂ ਲੁੱਟ-ਲੁਟਾਕੇ
ਰੱਬਾ ਤੇਰੀ ਦੁਨੀਆਂ ਅੰਦਰ
ਥੱਕ ਕੇ ਹੋ ਗਏ.........ਚੂਰ
ਨਾ ਇਸ ਪਾਰ ਕਿਨਾਰਾ ਕੋਈ
ਤੂੰ ਵੀ ਸਾਥੋਂ ਦੂਰ

ਸੱਚ ਕਿਹਾ ਤੂੰ ਯਾਰਾ ਆਪਾਂ ਸੀ
ਨਸ਼ਿਆਂ ਦੇ ਵਿੱਚ ਚੂਰ
ਗ਼ੈਰਾਂ ਦੇ ਗਲ ਲੱਗਕੇ ਹੁਏ
ਆਪਣਿਆਂ.........ਤੋਂ .......ਦੂਰ
ਆ ਯਾਰਾ ਚੱਲ ਹੀਲਾ ਕਰੀਏ
ਗੁਰੂਆਂ ਅੱਗੇ ਸੀਸ ਝੁਕਾਈਏ
ਰੁੱਖੀ-ਸੁੱਖੀ ਖਾ ਕੇ.........ਆਪਾਂ
ਆਪਣਿਆਂ ਸੰਘ ਖ਼ੁਸ਼ੀ ਮਨਾਈਏ

❁❁❁

# ਸੌਗ਼ਾਤ

ਦਰਦਾਂ ਨਾਲ ਜੀਲਾਂਗੇ ਸੌਗ਼ਾਤ ਸਮਝਕੇ ਤੇਰੀ
ਜ਼ਖ਼ਮਾਂ ਨੂੰ ਸੀਲਾਂਗੇ ਸੌਗ਼ਾਤ ਸਮਝਕੇ ਤੇਰੀ

ਤੜਪਦੀ ਰੂਹ ਨੂੰ ਅਸੀਂ ਸਮਝਾਲਾਂਗੇ
ਅੱਖਾਂ ਵਿੱਚ ਡੱਕ ਲਾਂਗੇ ਸੈਲਾਬ ਹੰਝੂਆਂ ਦਾ

ਸੀਨੇ ਵਿੱਚ ਲਾਈ ਅੱਗ ਨੂੰ ਸੁਲਘਾਕੇ ਰੱਖਿਆ ਹੈ
ਤੇਰੀ ਹਰ ਨਿਸ਼ਾਨੀ ਦਾ ਹਾਰ ਪਰੋਕੇ ਰੱਖਿਆ ਹੈ

ਦਿਲ ਅੰਦਰ ਸਾਂਭ ਰੱਖਿਆ ਹੈ ਸਫ਼ਰ ਤੇਰੀ ਬੇਵਫ਼ਾਈ ਦਾ
ਪਲ-ਪਲ ਦਾ ਹਿਸਾਬ ਸੀਨੇ ਤੇ ਸਜਾ ਰੱਖਿਆ ਹੈ

ਗ਼ਮ ਦੀਆਂ ਪੀੜਾਂ ਸਹਿਕਦੇ ਸਾਏ ਮਲਮ ਸਬਰ ਦੀ ਲਾਕੇ ਰੱਖਿਆ ਹੈ
ਬੇਵਫ਼ਾਈ ਵਿੱਚ ਭਿੱਜਿਆ ਕਫ਼ਨ ਤਨ ਉੱਤੇ ਸਜਾ ਰੱਖਿਆ ਹੈ

ਸੌਗ਼ਾਤ ਸਮਝਕੇ ਤੇਰੀ
ਸੌਗ਼ਾਤ ਸਮਝਕੇ ਤੇਰੀ

❁❁❁

# ਦੁੱਖਾਂ ਦੇ ਬੱਦਲ

ਹਾਏ ਵੇ ਰੱਬਾ ਮੇਰੇ ਦਰ ਤੇ ਦੁੱਖਾਂ ਦੇ ਬੱਦਲ ਆ ਗਏ
ਬੇਝਿਜਕ - ਬੇਸ਼ਰਮਾਂ ਵਾਂਗੂੰ ਬੇਝਿਜਕ ਬੇਸ਼ਰਮਾਂ ਵਾਂਗੂੰ
ਮੇਰੇ ਦਰਦ-ਏ-ਦਿਲ 'ਚ ਸਮਾ ਗਏ
ਹਾਏ ਵੇ ਰੱਬਾ ਮੇਰੇ ਦਰ ਤੇ ਦੁੱਖਾਂ ਦੇ ਬੱਦਲ ਆ ਗਏ

ਕਿਵੇਂ ਸਮਝਾਵਾਂ ਇਨ੍ਹਾਂ ਨਸਪਿਟਿਆਂ ਨੂੰ
ਮੇਰੀ ਨਸ-ਨਸ ਵਿੱਚ ਇਹ ਸਮਾਂ ਗਏ
ਹਾਏ ਵੇ ਰੱਬਾ ਮੇਰੇ ਦਰ ਤੇ ਦੁੱਖਾਂ ਦੇ ਬੱਦਲ ਆ ਗਏ

ਇੱਕ ਪਲ ਵੀ ਨਾ ਮੇਰਾ ਛੱਡਦੇ ਪਿੱਛਾ
ਮੈਨੂੰ ਵਾਂਗ ਸਿਉਂਕ ਸਾਰੀ ਖਾ ਗਏ
ਹਾਏ ਵੇ ਰੱਬਾ ਮੇਰੇ ਦਰ ਤੇ ਦੁੱਖਾਂ ਦੇ ਬੱਦਲ ਆ ਗਏ

ਨਾ ਵਰ੍ਹਣ......ਨਾ......ਵਾਪਸ ਜਾਵਣ
ਮੈਨੂੰ ਵਾਂਗ ਪਤਝੜ ਇਹ ਖੰਡਾ ਗਏ
ਹਾਏ ਵੇ ਰੱਬਾ ਮੇਰੇ ਦਰ ਤੇ ਦੁੱਖਾਂ ਦੇ ਬੱਦਲ ਆ ਗਏ

❁❁❁

# ਪਿਆਰ

ਪਿਆਰ ਹੀ ਪਿਆਰ ਬੇਵਫ਼ਾ ਅਸੀਂ ਤੈਨੂੰ ਕਰਦੇ ਸੀ
ਇੱਕ ਅਸੀਂ ਸੀ ਜੋ ਤੇਰੀ ਬੇਵਫ਼ਾਈ ਉੱਤੇ ਵੀ ਮਰਦੇ ਸੀ
ਤੂੰ ਇੱਕ ਪਾਕ ਵਫ਼ਾ ਨੂੰ ਇੱਕ ਪਲ ਵਿੱਚ ਠੁਕਰਾਇਆ
ਮਤਲਬੀ ਬਨਕੇ ਤੂੰ ਤੇ ਸਬ ਸੁੱਖ ਚੈਨ ਚੁਰਾਇਆ
ਕੀਤੇ ਸੀ ਝੂਠੇ ਵਾਅਦੇ ਇੱਕ ਵੀ ਵਾਅਦਾ ਨਾ ਨਿਭਾਇਆ
ਗੱਲ ਕਰਦੇ ਹੋ ਵਫ਼ਾ ਦੀ ਜਫ਼ਾ ਵੀ ਤੈਨੂੰ ਨਾ ਆਈ
ਕਸਮ ਤੇ ਹਰ ਗੱਲ ਉੱਤੇ ਆਪਣਿਆਂ ਦੀ ਤੂੰ ਖਾਈ
ਕਹਿੰਦਾ ਹੈ ਆਪਣੇ ਆਪ ਨੂੰ ਵਫ਼ਾ ਦਾ ਤੂੰ ਮਸੀਹਾ
ਦੂਜਿਆਂ ਲਈ ਮਸੀਹਾ ਖ਼ੈਰ ਆਪਣੀ ਨਾ ਭਾਈ
ਚੋਟ ਜਦੋਂ ਦਿਲ ਨੇ ਖਾਈ ਨਾਲੇ ਕੀਤੀ ਵਫ਼ਾ ਦੀ ਜੱਗ ਹਸਾਈ
ਸੁਣਕੇ ਜਦੋਂ ਵਫ਼ਾ ਚੱਲਾਈ, ਦਰਾਰ ਰਿਸ਼ਤੇ ਵਿੱਚ ਆਈ
ਹੁਣ ਇਹ ਕੀ ਬੁੱਝ ਸਕੇਗੀ, ਅੱਗ ਜੋ ਤੂੰ ਲਗਾਈ
ਤੂੰ ਸਾਨੂੰ ਕਿੰਨਾ ਤੜਪਾਇਆ ਨਾਲੇ ਕਿੰਨ੍ਹਾ ਰੁਲਾਇਆ
ਸਾਡਾ ਕਸੂਰ ਕੀ ਸੀ, ਸਾਡਾ ਅਸੂਲ ਵਫ਼ਾ ਸੀ
ਹੁਣ ਸਾਡੇ ਕੋਲ ਕੀ ਹੈ, ਸਫ਼ਰ-ਤਨਹਾਈ ਦਾ ਨਜ਼ਰਾਨਾ
ਬੇਵਫ਼ਾ ਯਾਰ ਤੂੰ ਹੁਣ ਪਾਸ ਸਾਡੇ ਨਾ ਆਣਾ
ਬੇਵਫ਼ਾ ਯਾਰ ਤੂੰ ਹੁਣ ਪਾਸ ਸਾਡੇ ਨਾ ਆਣਾ

❁❁❁

# ਗੀਤ

ਕੁੰਡਾ ਖੋਲਦੇ ਪਤਲੀਏ ਨਾਰੇ, ਮਾਹੀ ਤੇਰਾ ਬਾਹਰ ਖੜਾ
ਹੱਥ ਜੋੜ ਵਾਸਤਾ ਪਾਵੇ, ਨੀ ਮਾਹੀ ਤੇਰਾ ਬਾਹਰ ਖੜਾ
ਕੁੰਡਾ ਖੋਲਦੇ.......................

ਇੱਕ ਤੇਰੀ ਸ਼ਰਮ ਹੈ ਆ, ਦੂਜਾ ਨੈਣਾ ਦਾ ਨਸ਼ਾ
ਸੂਟ ਸੱਜਿਆ ਸੰਧੂਰੀ ਤੇਰੇ ਜੋਬਨ ਤੇ
ਕੁੰਡਾ ਖੋਲਦੇ.......................

ਐਵੇਂ ਸਿਫ਼ਤਾਂ ਨਾ ਕਰ, ਸਾਨੂੰ ਲੱਗਦਾ ਏ ਡਰ
ਸਾਡੀ ਅਲੜ੍ਹ ਜਵਾਨੀ ਚੰਨਾ ਮਖ਼ਮਲ ਦੀ
ਨਈਉ ਖੋਲਣਾ
ਨਈਉ ਖੋਲਣਾ, ਕੁੰਡਾ ਮੈਂ ਨਈਉਂ ਖੋਲਨਾ

ਮੁੱਖ ਚੌਦਵੀ ਦਾ ਚੰਨ ਤੇਰਾ ਗੋਰਾ ਗੋਰਾ ਰੰਗ
ਬੁੱਲ ਪੰਖੜੀ ਗੁਲਾਬ ਹਨ ਤੇਰੇ ਸੋਹਣੀਏਂ
ਕੁੰਡਾ ਖੋਲਦੇ
ਕੁੰਡਾ ਖੋਲਦੇ ਪਤਲੀਏ ਨਾਰੇ ਮਾਹੀਂ ਤੇਰਾ ਬਾਹਰ ਖੜਾ

ਸਾਨੂੰ ਕਰ ਨਾ ਤੂੰ ਤੰਗ, ਸਾਨੂੰ ਆਉਂਦੀ ਪਈਏ ਸੰਗ
ਸਾਡੀ ਨਾਜ਼ੁਕ ਕਲਾਈ ਨਾ ਮਰੋੜ ਚੰਨ ਵੇ
ਨਈਉ ਖੋਲਣਾ, ਨਹੀਉਂ ਖੋਲਣਾ ਕੁੰਡਾ ਮੈਂ ਨਹੀਂ ਖੋਲਣਾ

ਧੋਖਾ ਮੁਲਾਜ਼ਮਾਂ ਨੂੰ ਦੇਕੇ, ਆਇਆ ਸਾਂ ਮੈਂ ਛੁੱਟੀ ਲੈ ਕੇ
ਹੁਣ ਤਾਂ ਕਰ ਕੋਈ ਪਿਆਰ ਵਾਲੀ ਗੱਲ ਸੋਹਣੀਏ
ਨਹੀਂ ਤਾਂ ਜਾਉਂਗਾ ਚਲਾ ਮੈਂ ਤੈਨੂੰ ਛੱਡ ਸੋਹਣੀਏ

ਅੱਗੇ ਤੋਂ ਕਰੀਂ ਨਾ ਐਸੀ ਗੱਲ, ਨਹੀਂ ਤਾਂ ਜਾਉਂਗੀ ਮੈਂ ਮਰ
ਮੈਂ ਤਾਂ ਕੀਤਾ ਸੀ ਮਜ਼ਾਕ ਤੇਰੇ ਨਾਲ ਸੋਹਣਿਆਂ
ਕੁੰਡਾ ਖੁੱਲਿਆ
ਕੁੰਡਾ ਤਾਂ ਖੁੱਲਿਆ ਪਿਆ ਸੀ ਸਾਰੀ ਰਾਤ ਸੋਹਣਿਆਂ
ਕੁੰਡਾ ਖੁੱਲਿਆ.......................

❁❁❁

# ਗੀਤ

ਦਿਲ ਮੇਰਾ ਇਸ਼ਕ ਤੈਨੂੰ ਕਰ ਬੈਠਾ
ਤੈਨੂੰ ਪਿਆਰ ਦੇ ਰੰਗ ਵਿੱਚ ਰੰਗ ਬੈਠਾ

ਇਸ਼ਕ ਵਿਸ਼ਕ ਨੂੰ ਮੈਂ ਨਾ ਜਾਣੂ
ਕੀ ਹੈ ਪਿਅਰ ਮੈਂ ਨਾ ਪਹਿਚਾਣੂ
ਮੈਂ ਤਾਂ ਪਿਆਰ ਤੋਂ ਕਿਨਾਰਾ ਕਰ ਬੈਠੀ
ਜਾ-ਜਾ ਪਿਆਰ ਤੇਰੇ ਦੀ ਐਸੀ ਤੈਸੀ

ਰੁਕ-ਰੁਕ-ਰੁਕ ਜ਼ਰਾ ਸੁਣਦੀ ਤੇ ਜਾ
ਸਾਜ਼ ਮੇਰੀ ਧੜਕਨ ਦਾ
ਦਿਲ ਮੇਰਾ ਤੈਨੂੰ ਵਾਜਾਂ ਮਾਰੇ
ਹੀਰ ਮੇਰੀ ਤੂੰ ਬਣ ਜਾ

ਤੇਜ਼ ਹਵਾ ਨੂੰ ਰਾਹਾਂ ਵਿੱਚ ਕਿਉਂ
ਰੋਕਨ ਦੀ ਜ਼ਿੱਦ ਕਰਦਾਏਂ
ਹੀਰ ਕਦੀ ਤੂੰ ਕਹਿੰਦਾ ਮੈਨੂੰ
ਸੋਹਣੀ ਕਦੀ ਤੂੰ ਕਹਿੰਦਾ ਮੈਨੂੰ
ਨਾ ਮੈਂ ਹੀਰ ਨਾ ਸੋਹਣੀ ਅੜਿਆ
ਨਾ ਮਜਨੂੰ ਦੀ ਲੈਲਾ
ਕਿਤੇ ਉੱਡ ਜਾਂਵੀ ਨਾ
ਤੂੰ ਪਿਆਰ ਦੇ ਤੂਫ਼ਾਨ ਵਿੱਚ ਸ਼ੈਲਾ

ਕਦੀ ਨਾ ਕਦੀ ਤੇ ਤੂੰ ਵੀ ਕਿਸੇ ਨਾਲ
ਰੋਗ ਪਿਆਰ ਦਾ ਹੈ ਲਾਉਣਾ
ਤੂੰ ਸਹਿਬਾਂ ਤਾਂ ਕੀ ਹੋਇਆ
ਜੱਟ ਮਿਰਜ਼ਾ ਮੈਂ ਵੀ ਕਹਾਉਂਦਾ

ਨਾ ਮਿਰਜ਼ੇ ਦੀ ਮੈਂ ਸਹਿਬਾਂ ਅੜਿਆ
ਨਾ ਪੰਨੂੰ ਦੀ ਸੱਸੀ
ਦੂਰ ਸਾਥੋਂ ਹੋ ਜਾ ਵੇ
ਕਦੀ ਭੁੱਲਕੇ ਵੀ ਨਾ ਸਾਨੂੰ ਤੱਕੀਂ
ਦੂਰ ਸਾਥੋਂ ਹੋ ਜਾ ਵੇ
ਕਿਤੇ ਭੁੱਲ ਕੇ ਵੀ ਨਾਂ ਸਾਨੂੰ ਤੱਕੀਂ

❁❁❁

# ਨਜ਼ਰ

ਇੱਕ ਵਾਰੀ ਜਦ ਨਜ਼ਰ ਮਿਲਾਈ
ਨਜ਼ਰ ਤੇਰੇ ਨਾਲ ਸੋਹਣੀਏਂ ਨੀ
ਅਸੀਂ ਲੁੱਟੇ ਗਏ ਹਾਏ ਨੀ ਅਸੀਂ ਲੁੱਟੇ ਗਏ
ਨਜ਼ਰ-ਨਜ਼ਰ ਵਿੱਚ ਦਿਲ ਖੋ ਬੈਠੇ
ਦਿਲ ਤੋਂ ਵੀ ਹੱਥ ਧੋ ਬੈਠੇ
ਬਚਦੇ ਬਚਾਂਦੇ............ਕਿੱਥੋਂ ਆਏ
ਆਕੇ ਦਰ ਤੇਰੇ ਤੇ ਅਸੀਂ ਲੁੱਟੇ ਗਏ

ਹੁਸਨ ਤੇਰਾ ਤਾਂ ਠਾਠਾਂ ਮਾਰੇ
ਗਹਿਣਿਆਂ ਦੀ ਕੀ ਲੋੜ ਕੁੜੇ
ਤੈਨੂੰ ਗਹਿਣਿਆਂ ਦੀ ਕੀ ਲੋੜ ਕੁੜੇ
ਲੰਮ ਸਲੰਮੀ ਸਰੋਂ ਦੇ ਕੱਦ ਦੀ
ਹੀਲ ਦੀ ਕੀ ਤੈਨੂੰ ਲੋੜ ਕੁੜੇ
ਦੱਸ! ਹੀਲ ਦੀ ਕੀ ਤੈਨੂੰ ਲੋੜ ਕੁੜੇ
ਗੋਰਾ ਰੰਗ ਸ਼ਰਬਤੀ ਅੱਖੀਆਂ
ਵਿੱਚ ਸੁਰਮੇ ਦੀ ਧਾਰੀ ਦੀ ਕੀ ਲੋੜ ਕੁੜੇ
ਇੱਕ ਵਾਰੀ ਜਦ ਨਜ਼ਰ ਮਿਲਾਈ
ਨਜ਼ਰ ਤੇਰੇ ਨਾਲ ਸੋਹਣੀਏ ਨੀ
ਅਸੀਂ ਲੁੱਟੇ ਗਏ.....................

ਮਟਕ ਮਟਕ ਜਦ ਤੋਰ ਤੁਰੇ
ਧਮਕ ਪਵੇ ਸਾਡੇ ਦਿਲ ਤੇ ਨੀ
ਇੰਜ ਧਮਕ ਪਵੇ ਸਾਡੇ ਦਿਲ ਤੇ
ਸੱਪਨੀ ਵਾਂਗ ਬਲ ਖਾਂਦੀ ਵੇਖ ਗੁੱਤ
ਦਿਲ ਖਾਵੇ ਹਿਚਕੋਲੇ ਨੀ ਸਾਡਾ

ਦਿਲ ਖਾਵੇ...............ਹਿਚਕੋਲੇ
ਵੇਖ ਸਾਰੇ ਸਾਨੂੰ ਮਜਨੂੰ ਕਹਿੰਦੇ
ਲੈਲਾ ਦੀ ਸਾਨੂੰ ਲੋੜ ਕੁੜੇ
ਹੁਣ ਲੈਲਾ ਦੀ ਸਾਨੂੰ ਲੋੜ ਕੁੜੇ
ਇੱਕ ਵਾਰੀ ਜਦ ਨਜ਼ਰ ਮਿਲਾਈ
ਨਜ਼ਰ ਤੇਰੇ ਨਾਲ ਸੋਹਣੀਏ ਨੀ
ਅਸੀਂ ਲੁੱਟੇ ਗਏ

ਸੋਹਣੇ ਜਿਹੇ ਮੱਥੇ ਦੇ ਉੱਤੇ
ਸਾਨੂੰ ਵੇਖਕੇ ਕਿਉਂ ਵੱਟ ਪਾਵੇਂ
ਨੀ ਸਾਨੂੰ ਵੇਖਕੇ ਕਿਉਂ ਵੱਟ ਪਾਵੇਂ
ਤੂੰ ਸੋਹਣੀ-ਮਾਹੀਵਾਲ ਅਸੀਂ
ਕਿਉਂ ਵੇਖ ਸਾਨੂੰ ਘਬਰਾਵੇਂ ਨੀਂ
ਸਾਨੂੰ ਵੇਖਕੇ ਕਿਉਂ ਘਬਰਾਵੇਂ
ਬਣਕੇ ਪਟੋਲਾ ਤੋਰ-ਤੁਰੇਂ ਜਦ
ਤੋਰ ਤੁਰੇਂ............ਮਸਤਾਨੀ
ਦਿਲ ਸਾਡਾ ਤਾਂ ਡਿੱਗ-ਡਿੱਗ ਪੈਂਦਾ
ਜਦੋਂ ਅੱਖ ਕਰੇ ਸ਼ੈਤਾਨੀ ਤੇਰੀ ਜਦ
ਅੱਖ.........ਕਰੇ.........ਸ਼ੈਤਾਨੀ
ਇੱਕ ਵਾਰੀ ਜਦ ਨਜ਼ਰ ਮਿਲਾਈ
ਨਜ਼ਰ ਤੇਰੇ ਨਾਲ ਸੋਹਣੀਏ
ਨੀ ਅਸੀਂ ਲੁੱਟੇ ਗਏ

❋❋❋

# ਗੀਤ

ਤੈਨੂੰ ਹੋ ਗਿਆ ਪਿਆਰ ਸਾਡੇ ਨਾਲ ਕੁੜੀਏ ਨੀ
ਤੈਨੂੰ ਹੋ ਗਿਆ
ਸਾਨੂੰ ਲੁੱਕ-ਲੁੱਕ ਕੇ ਨਾ ਇੰਜ ਵੇਖ ਕੁੜੀਏ
ਸਾਨੂੰ ਲੁੱਕ-ਲੁੱਕ
ਦੁਪੱਟਾ ਉੜ-ਉੜ ਜਾਵੇ ਤੂੰ ਸੰਭਾਲ ਕੁੜੀਏ
ਕਿਤੇ ਖਾਨਾ ਬੈਠੀ
ਕਿਤੇ ਖਾ ਨਾ ਬੈਠੀ ਠੇਡਾ, ਸਾਨੂੰ ਵੇਖ ਕੁੜੀਏ
ਤੈਨੂੰ ਹੋ ਗਿਆ......!
ਤੈਨੂੰ ਪੈ ਗਿਆ ਭੁਲੇਖਾ ਸਾਡੇ ਵੱਲੋਂ ਮੁੰਡਿਆ
ਨਾ ਅਸੀਂ ਕਰਦੇ ਹਾਂ
ਨਾ ਅਸੀਂ ਕਰਦੇ ਹਾਂ, ਪਿਆਰ ਕਿਸੇ ਨਾਲ ਮੁੰਡਿਆ
ਨਹੀਂ ਚੜ੍ਹਾਉਣਾ ਅਸੀਂ
ਨਹੀਂ ਚੜਾਉਣਾ ਅਸਾਂ ਪਿਆਰ ਦਾ ਬੁਖ਼ਾਰ ਮੁੰਡਿਆ
ਦੁਪੱਟਾ ਸਾਡੇ ਦੀ......!
ਦੁਪੱਟਾ ਸਾਡੇ ਦੀ......!!
ਦੁਪੱਟੇ ਸਾਡੇ ਦੀ ਤੂੰ ਫਿਕਰ ਨਾ ਕਰ ਮੁੰਡਿਆ
ਤੈਨੂੰ ਹੋਵੇਗਾ......!!
ਤੈਨੂੰ ਹੋਵੇਗਾ ਪਿਆਰ ਕਿਸੇ ਨਾਲ ਮੁੰਡਿਆ
ਤੈਨੂੰ ਹੋਵੇਗਾ......!!!

ਅਸੀਂ ਤਾਂ ਕਰਦੇ ਸੀ ਪਿਆਰ ਕਿਸੇ ਹੋਰ ਨਾਲ ਨੀ
ਉਹਦੇ ਹੋਂਠ ਸੀ ਗੁਲਾਬੀ ਗੱਲਾਂ ਲਾਲ-ਲਾਲ ਨੀ
ਮੋਟੀ-ਮੋਟੀ ਅੱਖੀਆਂ 'ਚ ਲੰਮੀ ਸੁਰਮੇ ਦੀ ਧਾਰੀ
ਲੱਗੇ ਹੀਰ ਸਲੇਟੀ ਕਚਨਾਰ ਕੁਆਰੀ
ਅਸੀਂ ਤਾਂ ਵੇਖ ਤੈਨੂੰ ਹੋ ਗਏ ਨੇਹਾਲ ਕੁੜੀਏ
ਜ਼ਰਾ ਬਚ-ਬਚ ਨੀ ਜ਼ਰਾ ਬਚ-ਬਚ
ਨੀ ਜ਼ਰਾ ਬਚ ਕਿਤੇ ਗਿਰੀ ਨਾ ਨਿਢਾਲ ਕੁੜੀਏ
ਨੀ ਤੈਨੂੰ ਹੋ ਗਿਆ...... !

ਨਾ ਸਾਨੂੰ ਵੇਖ ਕੇ ਤੂੰ ਲਾਰ ਟਪਕਾ ਮੁੰਡਿਆ
ਸਾਡੇ ਵੱਲੋਂ ਤੇਰੀ ਹੋ ਜਾਊਗੀ ਹਾਰ ਮੁੰਡਿਆ

ਨੀ ਐਵੇਂ ਸਮਝ ਅਪਸਰਾ ਤੂੰ ਸਾਡੇ ਵੱਲ ਨੂੰ ਆ
ਖਾ ਨਾ ਬੈਠੀਂ ਕਿਤੇ ਡੰਗ, ਦੂਰ ਸਾਡੇ ਤੋਂ ਤੂੰ ਜਾ

ਡੰਗ ਮਾਰਿਆ ਤਾਂ ਜ਼ਹਿਰ ਚੜ੍ਹ ਜਾਊ ਮੁੰਡਿਆ
ਇਸ ਜ਼ਹਿਰ ਦਾ ਨਾ ਕੋਈ ਵੀ ਇਲਾਜ ਮੁੰਡਿਆ

ਕੌਣ ਚਾਹੁੰਦਾ ਹੈ ਕਢਾਉਣਾ ਤੇਰਾ ਜ਼ਹਿਰ ਕੁੜੀਏ
ਸਾਨੂੰ ਤਾਂ ਇਸ਼ਕ ਦਾ... !
ਸਾਨੂੰ ਤਾਂ ਇਸ਼ਕ ਦਾ ਹੋ ਗਿਆ ਬੁਖ਼ਾਰ ਕੁੜੀਏ
ਤੈਨੂੰ ਵੀ ਸਾਡੇ ਨਾਲ ਹੋ ਗਿਆ ਪਿਆਰ ਕੁੜੀਏ
ਤੈਨੂੰ ਸਾਡੇ ਨਾਲ, ਹੋ ਤੈਨੂੰ ਸਾਡੇ ਨਾਲ ਹੋ ਤੈਨੂੰ ਸਾਡੇ ਨਾਲ।

❁❁❁

# ਉਹ ਦਿਨ

ਉਹ ਦਿਨ ਵੀ ਸਨ ਕਿੰਨੇ ਸੋਹਣੇ
ਸੁਭਾ ਸਵੇਰੇ ਸ਼ਬਨਮ ਵਾਂਗੂੰ
ਮਸਤੀ ਭਰੇ ਤੇ ਭਿੱਜੇ-ਭਿੱਜੇ

ਬਚਪਨ ਦੀਆਂ ਪੁਰਾਣੀਆਂ ਯਾਦਾਂ
ਘਰ ਤੋਂ ਖੂਹਾਂ ਦੀਆਂ ਲੰਮੀਆਂ ਵਾਟਾਂ
ਰਾਹਾਂ ਵਿੱਚ ਬਰਸਾਤੀ ਪਾਣੀ ਗਿੱਟੇ-ਗਿੱਟੇ

ਆ ਗਈਆਂ ਸਾਨੂੰ ਯਾਦਾਂ ਪਿੰਡ ਦੀਆਂ
ਜਿੱਥੇ ਬਚਪਨ ਤੇ ਜਵਾਨੀ ਖੇਡੇ
ਜਿੱਥੇ ਗੀਤ ਤੀਆਂ ਦੇ ਗਾਏ ਮਿੱਠੇ-ਮਿੱਠੇ

ਚੇਤ ਵਿਸਾਖ ਦੇ ਮੇਲਿਆਂ ਦੇ ਵਿੱਚ
ਚਾਰੋ ਤਰਫ਼ ਰੌਣਕਾਂ ਲੱਗਦੀਆਂ
ਚੱਲਣ ਪੰਘੂੜੇ ਉੱਪਰ ਨੀਚੇ

ਘਿਰ ਗਏ ਕਦੀ ਵਿੱਚ ਤੂਫ਼ਾਨਾਂ
ਸਾਉਣ ਦੀਆਂ ਰਿਮਝਿਮ ਬਰਸਾਤਾਂ
'ਚ ਰੰਗ ਪੈ ਗਏ ਫਿੱਕੇ-ਫਿੱਕੇ

ਉਹ ਦਿਨ ਵੀ ਸਨ ਕਿੰਨੇ ਸੋਹਣੇ
ਸੁਭਾ ਸਵੇਰੇ ਸ਼ਬਨਮ ਵਾਂਗੂੰ
ਮਸਤੀ ਭਰੀ ਤੇ ਭਿੱਜੇ-ਭਿੱਜੇ

❁❁❁

# ਖ਼ਿਆਲ

ਦਿਲ ਤਰਸੇ ਜਵਾਨੀ ਵਾਲੇ ਮੇਲੇ ਨੂੰ
ਯਾਦ ਕਰਕੇ ਸਹੇਲੀਆਂ ਦੇ ਖੇਲੇ ਨੂੰ

ਹੰਝੂ ਅੱਖਾਂ ਵਿਚੋਂ ਆਉਣੋ ਨਹੀਉਂ ਰੁਕਦੇ
ਕਹਾਣੀ ਬੀਤਿਆਂ ਦਿਨਾਂ ਦੀ ਸਾਥੋਂ ਪੁੱਛਦੇ

ਡਾਢੇ ਦੁੱਖਾਂ ਵਿੱਚ ਖ਼ੁਦ ਨੂੰ ਹੰਢਾ ਲਿਆ
ਸਹਿ ਕੇ ਦੁੱਖ ਅਸਾਂ ਹਰ ਸੁੱਖ ਪਾ ਲਿਆ

ਸਾਡਾ ਇਸ ਵਿੱਚ ਕੋਈ ਵੀ ਕਮਾਲ ਨਹੀਂ
ਡੋਰ ਜ਼ਿੰਦਗੀ ਦੀ ਉਸਨੇ ਸੰਭਾਲ ਲਈ

ਬੰਦਿਆ ਦੱਸ ਤੂੰ ਕੀ ਚਾਹੁੰਦਾ ਹੈ
ਖ਼ਾਲੀ ਹੱਥ ਤੂੰ ਆਇਆ ਸੀ
ਖ਼ਾਲੀ ਹੱਥ ਚਲੇ ਜਾਣਾ ਹੈ
ਢੱਕਿਆ ਬਦਨ ਜੋ ਕਫ਼ਨ ਰੇਸ਼ਮੀ
ਉਹ ਵੀ ਅੱਗ ਵਿੱਚ ਜਲ ਜਾਣਾ ਹੈ
ਫਿਰ ਕਿਉਂ ਕਿਸ ਲਈ

ਆਪਣੇ ਕੀਮਤੀ ਸਾਹਾਂ ਦੀ ਪੂੰਜੀ ਤੂੰ
ਨਫ਼ਰਤ ਦੀ ਅੱਗ ਵਿੱਚ ਬਾਲ ਕੇ
ਆਪਣਾ ਮਾਨ ਘਟਾਉਂਦਾ ...... ਹੈ
ਬੰਦਿਆ ਦੱਸ ਤੂੰ ਕੀ ਚਾਹੁੰਦਾ ਹੈ

# ਗ਼ਮਾਂ ਦੀ ਰਾਤ

ਗ਼ਮਾਂ ਦੀ ਇਹ ਰਾਤ ਲੰਮੀ
ਕਿਵੇਂ (ਟਪਾਵਾਂ) ਜਾਗਕੇ
ਗੁੰਮ ਸੁੰਮ ਮੈਂ ਗੁੰਮ ਸੁੰਮ ਉਹ
ਦੋਵਾਂ ਵਿਚਕਾਰ ਇਹ ਦੂਰੀਆਂ
ਕਿਵੇਂ ਮਿਟਾਵਾਂ ਸਬ ਜਾਣਕੇ

ਮੇਰੀ ਜ਼ਿੰਦਗੀ ਵਿੱਚ ਇਹ ਆਸ ਸੀ
ਤੂੰ ਮੇਰੇ ਲਈ ਬਹੁਤ ਖ਼ਾਸ ਸੀ
ਸਫ਼ਰ ਜ਼ਿੰਦਗੀ ਇਕੱਲੇ ਰਹਿ-ਰਹਿ
ਇੱਕ-ਇੱਕ ਪਲ ਫ਼ਿਕਰਾਂ ਵਿੱਚ ਮੁੱਕਦਾ
ਹੁਣ ਪਾਸ ਤੇਰੇ ਆਵਾਂ ਕੀ ਮਾਣਕੇ

ਕਾਸ਼ ਮੇਰੇ ਨਾਲ ਜੀਕੇ ਵੇਖਦਾ
ਕਾਸ਼ ਮੇਰੇ ਨਾਲ ਮਰਕੇ ਵੇਖਦਾ
ਮੈਨੂੰ ਇਹ ਭਰਮ ਹੀ ਰਿਹਾ
ਕਿ ਮੇਰੇ ਕੋਲ ਤੂੰ ਹੈਂ
ਇਹ ਦੂਰੀਆਂ ਮਜਬੂਰੀਆਂ
ਹੁਣ ਕਿਵੇਂ ਮਿਟਾਵਾਂ ਆਣਕੇ

ਥੋੜਾ ਪਿਆਰ ਲੁਟਾਕੇ ਵੇਖਦਾ
ਥੋੜਾ ਸਾਥ ਨਿਭਾਕੇ ਵੇਖਦਾ
ਕਿਸੇ ਦੀ ਯਾਦ ਵਿੱਚ ਖ਼ੁਦ ਨੂੰ ਭੁਲਾ ਕੇ ਵੇਖਦਾ
ਮੇਰੇ ਕਦਮ ਤਾਂ ਥੰਮਕੇ ਰਹਿ ਗਏ
ਇੱਕ ਪਿਆਸ ਸੀ, ਇੱਕ ਦਰਦ ਸੀ
ਤੂੰ ਸੋ ਗਿਆ ਲੰਮੀਆਂ ਤਾਣਕੇ

❁❁❁

# ਇਸ਼ਕ ਦਾ ਰੋਗ

ਹਾਏ ਨੀ ਮੇਰੀਏ ਅੰਮੜੀਏ ਨੀ ਮੈਨੂੰ
ਰੋਗ ਇਸ਼ਕ ਦਾ ਲੱਗਿਆ
ਭੁੱਬਾਂ ਮਾਰਕੇ ਰੋਣਾਂ ਹਰ ਪਲ
ਹੜ੍ਹ ਹੰਝੂਆਂ ਦਾ ਵੱਗਿਆ
ਹਾਏ ਨੀ ਮੇਰੀਏ ਅੰਮੜੀਏ ਨੀ ਮੈਨੂੰ
ਰੋਗ ਇਸ਼ਕ ਦਾ ਲੱਗਿਆ

ਹਨੇਰੀਆਂ ਕਾਲੀਆਂ ਰਾਤਾਂ
ਡੱਸਣ ਨਾਗ ਕਾਲੇ ਫਨੀਅਰ ਵਾਂਗੂੰ
ਤੱਪਦੇ ਹਾੜ੍ਹ ਵਿੱਚ ਸਿਖਰ ਦੁਪਿਹਰੇ
ਰੋਵਾਂ ਸਾਉਣ ਦੀਆਂ ਝੜੀਆਂ ਵਾਂਗੂੰ
ਅਖਿਉਂ ਦੂਰ ਹੈ ਦਿਲ ਦਾ ਜਾਨੀ
ਸੁਣ ਆਹਟ ਭਲੇਖਾ ਜਿਹਾ ਲੱਗਿਆ
ਹਾਏ ਨੀ ਮੇਰੀਏ ਅੰਮੜੀਏ ਨੀ ਮੈਨੂੰ
ਰੋਗ ਇਸ਼ਕ ਦਾ ਲੱਗਿਆ

ਸੋਚਾਂ ਦੇ ਵਿੱਚ ਬੈਠੀ ਮੈਨੂੰ
ਪੁੱਛਣ ਸਖੀਆਂ ਗੱਲ ਅਵੱਲੀ
ਛੇੜਾ-ਛੇੜੀ ਵਿੱਚ ਮਾਰਨ ਤਾਹਨੇ
ਦੱਸੀ ਨਾ ਜਾਵੇ ਗੱਲ ਸੁਖੱਲੀ
ਭਿੱਜੀ ਗ਼ਮਾਂ ਵਿੱਚ ਵੇਖਕੇ ਪੁੱਛਦੀਆਂ
ਕੌਣ ਉਹ ਜਿਸਨੇ ਤੈਨੂੰ ਠੱਗਿਆ
ਹਾਏ ਨੀ ਮੇਰੀਏ ਅੰਮੜੀਏ ਨੀ ਮੈਨੂੰ
ਰੋਗ ਇਸ਼ਕ ਦਾ ਲੱਗਿਆ

ਹਿਜਰ ਦੀ ਪੀੜ ਮੈਂ ਕਿਸਨੂੰ ਦੱਸਾਂ
ਕੱਲੀ ਬੈਠੀ ਰੋਵਾਂ ਹੱਸਾਂ
ਡਾਢਾ ਰੋਗ ਇਸ਼ਕ ਦਾ ਮਾਏਂ
ਮੈਨੂੰ ਆਣਕੇ ਲੱਗਿਆ
ਹਾਏ ਨੀ ਮੇਰੀਏ ਅੰਮੜੀਏ ਨੀ ਮੈਨੂੰ
ਰੋਗ ਇਸ਼ਕ ਦਾ ਲੱਗਿਆ

ਰਾਹਾਂ ਤੱਕ ਕੇ ਥੱਕ ਗਈ ਮੈਂ
ਕੱਲੀ ਰਹਿ-ਰਹਿ ਅੱਕ ਗਈ ਮੈਂ
ਮੈਥੋਂ ਦੂਰ ਰਹਿਕੇ ਵੀ ਮਾਹੀ
ਹਲੇ ਤੀਕ ਨਹੀਂ ਰੱਜਿਆ
ਹਾਏ ਨੀ ਮੇਰੀਏ ਅੰਮੜੀਏ ਨੀ ਮੈਨੂੰ
ਰੋਗ ਇਸ਼ਕ ਦਾ ਲੱਗਿਆ

❁❁❁

# ਯਾਦ

ਯਾਦ ਕਰ-ਕਰ ਤੈਨੂੰ ਹੜ੍ਹ ਹੰਝੂਆਂ ਦਾ ਆਇਆ
ਯਾਦਾਂ ਤੇਰੀਆਂ ਨੇ ਮੈਨੂੰ ਬੜਾ ਹੀ ਰੁਲਾਇਆ

ਕੋਸ਼ਿਸ਼ ਵੀ ਕੀਤੀ ਬੜਾ ਜ਼ੋਰ ਵੀ ਲਗਾਇਆ
ਬਣਾਕੇ ਕਹਾਣੀ ਆਪਣਿਆਂ ਵੀ ਸਮਝਾਇਆ

ਰੱਬਾ ਤੈਨੂੰ ਮੇਰੇ ਉੱਤੇ ਭੋਰਾ ਤਰਸ ਵੀ ਨਾ ਆਇਆ
ਮੇਰੀ ਪਿਆਰੀ ਵਿਨੀ ਨੂੰ ਤੂੰ ਕਿਉਂ ਕੋਲ ਬੁਲਾਇਆ

ਆਸਾਂ ਲਗਾਕੇ ਥੱਕੀ ਪੁਨਰ ਜਨਮ ਦੀਆਂ ਮੈਂ
ਅਜੇ ਤੱਕ ਤੇਰੇ ਵੱਲੋਂ ਕੋਈ ਸੁਨੇਹਾ ਵੀ ਨਾ ਆਇਆ

ਯਾਦ ਕਰ-ਕਰ ਤੈਨੂੰ ਹੜ੍ਹ ਹੰਝੂਆਂ ਦਾ ਆਇਆ
ਯਾਦਾਂ ਤੇਰੀਆਂ ਨੇ ਵਿਨੀ ਮੈਨੂੰ ਬੜਾ ਹੀ ਰੁਲਾਇਆ

❁❁❁

# ਸ਼ਾਮ ਦੇ ਵੇਲੇ

ਨੀਂਦ ਨਾ ਮੈਨੂੰ ਆਏ
ਚੈਨ ਨਾ ਮੈਨੂੰ ਆਏ
ਇੱਕ-ਇੱਕ ਪਲ ਮੇਰਾ
ਸੋਚਾਂ ਦੇ ਵਿੱਚ......
ਹਾਏ ਨਿਕਲਦਾ ਜਾਏ
ਨੀਂਦ ਨਾ ਮੈਨੂੰ ਆਏ

ਫਿਕਰਾਂ ਦੇ ਵਿੱਚ ਗਈ ਜਵਾਨੀ
ਬਣ ਉਮਰਾਂ ਦੀ ਸਾਢਸਤੀ ਸੱਪ
ਡੱਸ ਗਈ ਮੈਨੂੰ ਰਾਤ ਅੰਞਾਣੀ
ਵਕਤ ਕੀਮਤੀ ਵਿੱਚ ਸੋਚਾਂ ਦੇ
ਹੱਥੋਂ ਖੁਸਦਾ ਜਾਏ
ਨੀਂਦ ਨਾ ਮੈਨੂੰ ਆਏ

ਮੇਰੇ ਸਹਿਕਦੇ ਗ਼ਮਾਂ ਦੀ ਕਹਾਣੀ
ਮਧੂਸ਼ਾਲਾ ਦੇ ਨਸ਼ੇ ਵਿੱਚ ਡੁੱਬੀ
ਕਿਸੇ ਦੀ ਬਣੀ ਹਰ ਰਾਤ ਸੁਹਾਣੀ
ਪਹਿਲ ਨਿਕਾਬ ਵਫ਼ਾ ਦੀ ਕੀਤੀ
ਮੇਰੀ ਜੱਗ ਹਸਾਈ
ਜੱਗ ਹਸਾਈ ਦਾ ਵੇਖ ਤਮਾਸ਼ਾ
ਉਸਨੂੰ ਲਾਜ ਨਾ ਆਏ
ਨੀਂਦ ਨਾਂ ਮੈਨੂੰ ਆਏ

ਚੰਨ ਚਾਨਣੀ ਰਾਤ ਦੇ ਵੇਲੇ
ਖ਼ਾਬਾਂ ਦੇ ਵਿੱਚ ਹੋਵਣ ਮੇਲੇ
ਵੇਖਕੇ ਸੁਪਨੇ ਕੀ ਦੱਸਾਂ ਮੈਂ
ਦਿਲ ਮੇਰਾ ਡਰ ਜਾਏ
ਨੀਂਦ ਨਾ ਮੈਨੂੰ ਆਏ
ਚੈਨ ਨਾ ਮੈਨੂੰ ਆਏ

ਸਖੀਆਂ ਵਾਂਗੂੰ ਮੈਂ ਵੀ ਸੱਜਾਂ
ਮਾਹੀ ਦੇ ਮੈਂ ਦਿਲ ਨੂੰ ਫੱਬਾਂ
ਸ਼ਾਮ ਦੇ ਵੇਲੇ ਸੋਹਣਾ ਮਾਹੀ
ਵੇਹੜੇ ਮੇਰੇ ਆਏ
ਨੀਂਦ ਨਾਂ ਮੈਨੂੰ ਆਏ

ਹਿਜਰ ਦਾ ਰੋਗ ਸਤਾਈ ਜਾਵੇ
ਦਰਦ ਵਿਛੋੜਾ ਖਾਈ ਜਾਵੇ
ਦੱਸੋ ਕੋਈ ਵੈਦ ਇਸ਼ਕ ਦਾ
ਜਿਹੜਾ ਰੋਗ ਮਿਟਾਏ
ਨੀਂਦ ਨਾ ਮੈਨੂੰ ਆਏ

❋❋❋

# ਸੋਚ

ਸੁਹਾਗ ਵਾਲੀ ਰਾਤ ਸੀ
ਚੰਨ ਤਾਰਿਆਂ ਦੀ ਬਰਾਤ ਸੀ
ਸ਼ਰਮ ਹਿਆ ਦੇ ਪਰਦੇ ਵਿੱਚ
ਸਜੀ ਸਵੇਰੀ ਇੱਕ ਨਾਰ ਸੀ

ਉਹ ਤੇ ਉਸਦੀ ਤਨਹਾਈ ਸੀ
ਦੂਜੀ ਵੱਜ ਰਹੀ ਸ਼ਹਿਨਾਈ ਸੀ
ਸੁਪਨਿਆਂ ਭਰੀ ਰਾਤ ਸੀ
ਉੱਤੋਂ ਚੱਲ ਰਹੀ ਪੁਰਵਾਈ ਸੀ

ਉਸਦੀ ਦੂਰ ਤੱਕ ਇੱਕ ਸੋਚ ਸੀ
ਪਰ ਬੜੀ ਮਦਹੋਸ਼ ਸੀ
ਰੇਸ਼ਮ ਧਾਗੇ ਨਾਲ ਉੱਡ ਰਹੀ
ਇਸ਼ਕ ਦੀ ਉਹ ਕੱਚੀ ਡੋਰ ਸੀ

ਫੁੱਲਾਂ ਦੀ ਸੇਜ ਤੇ ਬੈਠੀ
ਇੱਕ ਸਜੀ ਹੋਈ ਮੁਟਿਆਰ ਸੀ
ਆਪਣੀ ਜ਼ਿੰਦਗੀ ਦੀ ਸਵੇਰ ਦਾ
ਕਰ ਰਹੀ ਇੰਤਜ਼ਾਰ ਸੀ

❁❁❁



ਪਰਮਜੀਤ ਪੰਜਾਬ ਦੀ ਉਹ ਬੇਬਾਕ ਹੌਸਲਾ-ਮੰਦ ਅਤੇ ਸਿਰ ਕੱਢ ਧੀ ਹੈ ਜੋ ਖ਼ਾਨਦਾਨੀ ਰਵਾਇਤਾਂ ਧਾਰਮਿਕ ਰਵਾਦਾਰੀਆਂ ਅਤੇ ਰੋਸ਼ਨ ਜ਼ਮੀਰਾਂ ਦੀਆਂ ਧੁੱਪਾਂ ਛਾਵਾਂ ਵਿੱਚ ਜ਼ਿੰਦਗੀ ਦਾ ਖ਼ੂਬਸੂਰਤ ਪੈਂਡਾ ਤੈਅ ਕਰਨ ਦਾ ਉਹ ਜਿਗਰਾ ਰੱਖਦੀ ਹੈ ਜਿਸ ਨੇ ਉਸ ਦੇ ਖ਼ਾਬਾਂ ਦੇ ਸ਼ੀਸ਼ ਮਹਿਲ ਨੂੰ ਕਦੇ ਢਹਿ-ਢੇਰੀ ਨਹੀਂ ਹੋਣ ਦਿੱਤਾ। ਮੰਜ਼ਿਲ ਦੀਆਂ ਟੇਡੀਆਂ ਮੇਡੀਆਂ ਖ਼ਾਰਦਾਰ ਪਗਡੰਡੀਆਂ ਤੇ ਚਲ ਦੇ ਹੋਏ ਕਦੀ ਵੀ ਦੀ ਠੰਡੀ ਛਾਂ ਦਾ ਸੁਪਨਾ ਨਹੀਂ ਲਿਆ।

ਡਾ. ਮੁਹੰਮਦ ਰਫ਼ੀ
ਸਾਬਕਾ ਸਕੱਤਰ
ਪੰਜਾਬ ਉਰਦੂ ਅਕੈਡਮੀ
(ਪੰਜਾਬ ਸਰਕਾਰ)

**Thandi Chhan**
(Punjabi Kav Sangreh)
**Madam Paramjeet Kaur (Momi)**



ਮੰਜ਼ਿਲੋਂ ਦੂਰ ਮੁਸਾਫ਼ਿਰ ਕੋਲੋਂ
ਠੰਡੀ ਛਾਵੇਂ ਬਹਿ ਨੀ ਹੁੰਦਾ
ਪਰਮਜੀਤ ਕੌਰ (ਮੋਮੀ)

EDUCATIONAL PUBLISHING HOUSE
3108, Gali Vakil, Kucha Pandit, Lal Kuan, Delhi-6(India)
Ph: 23216162,23214465 Fax : 0091-011-23211540
Website: www.ephbooks.com
E-mail :info@ephbooks.com, ephdelhi@yahoo.com

ਠੰਡੀ ਛਾਂ ਕਾਵਿ ਸੰਗ੍ਰਹਿ ਪਰਮਜੀਤ ਕੌਰ (ਮੋਮੀ)

ਕਾਵਿ ਸੰਗ੍ਰਹਿ

# ਠੰਡੀ ਛਾਂ



## ਪਰਮਜੀਤ ਕੌਰ (ਮੋਮੀ)



ਮੈਨੂੰ ਬੜੀ ਖ਼ੁਸ਼ੀ ਅਤੇ ਮਾਣ ਮਹਿਸੂਸ ਹੋਇਆ ਜਦੋਂ ਮੈਂ ਮੈਡਮ ਪਰਮਜੀਤ ਕੌਰ ਮੋਮੀ ਬਾਰੇ ਇਹ ਪੜ੍ਹਿਆ ਕਿ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨੇ ਆਪਣੀ ਜ਼ਮੀਨ ਉੱਤੇ ਆਸ਼ਰਮ ਬਣਵਾਇਆ ਹੈ। ਬੇਸਹਾਰਾ ਬਜ਼ੁਰਗਾਂ ਦੇ ਰਹਿਣ ਲਈ ਅਤੇ ਉਨ੍ਹਾਂ ਦੇ ਖਾਣੇ ਦਾ ਪੂਰਾ ਪ੍ਰਬੰਧ ਕੀਤਾ ਹੋਇਆ ਹੈ। ਪਰਮਜੀਤ ਮੋਮੀ ਜਿਥੇ ਇਕ ਸਮਾਜ ਸੇਵੀ ਦੇ ਤੌਰ ਤੇ ਸੇਵਾਵਾਂ ਨਿਭਾ ਰਹੇ ਹਨ ਉੱਥੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਵੀ ਬਹੁਮੁੱਲਾ ਯੋਗਦਾਨ ਪਾ ਰਹੇ ਹਨ। ਮੈਂ ਪਰਮਜੀਤ ਕੌਰ ਮੋਮੀ ਜੀ ਨੂੰ ਉਨ੍ਹਾਂ ਦੇ ਸੱਜਰੇ ਕਾਵਿ-ਸੰਗ੍ਰਹਿ 'ਠੰਡੀ ਛਾਂ' ਲਈ ਵਧਾਈ ਦਿੰਦਾ ਹੋਇਆ ਆਸ ਕਰਦਾ ਹਾਂ ਕਿ ਉਹ ਆਪਣੇ ਕਵਿ-ਸਫ਼ਰ ਨੂੰ ਨਿਰੰਤਰ ਜਾਰੀ ਰੱਖਣਗੇ ਅਤੇ ਅਗਾਂਹ-ਵਧੂ ਸੋਚ ਨੂੰ ਅਪਣਾ ਕੇ ਮਾਂ ਬੋਲੀ ਪੰਜਾਬੀ ਦੀ ਸੇਵਾ ਕਰਦੇ ਰਹਿਣਗੇ।

ਸ਼ੁਭ ਕਾਮਨਾਵਾਂ
ਦਰਸ਼ਨ ਬੁੱਟਰ
ਪ੍ਰਧਾਨ
* ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.)
* ਭਾਈ ਕਾਨ੍ਹ ਸਿੰਘ ਨਾਭਾ ਰਚਨਾ ਵਿਚਾਰ ਮੰਚ (ਰਜਿ.)